# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਤੇ
'ਜਿਸ ਡਿਠੇ ਸਭ ਦੁਖ ਜਾਇ' ਵਾਲਾ ਸਥਾਨ

**ਗੁਰਦੁਆਰਾ ਬੰਗਲਾ ਸਾਹਿਬ ਦਿੱਲੀ**

ਜੁਲਾਈ 2000
★
ਮੁੱਲ : 15 ਰੁਪਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 7 ◆ ਸਾਲ ਬਾਰ੍ਹਵਾਂ ◆ ਜੁਲਾਈ 2000



| ਸਹਾਇਕ ਸੰਪਾਦਕ (ਆਨਰੇਰੀ) | ਸੰਪਾਦਕ (ਆਨਰੇਰੀ) | ਸਹਿਯੋਗੀ |
|---|---|---|
| ਡਾ. ਗੁਰਮੀਤ ਸਿੰਘ ਬੈਦਵਾਣ | ਡਾ. ਜਾਗੀਰ ਸਿੰਘ | ਸ. ਹਰਭਜਨ ਸਿੰਘ |
| ਐਮ.ਏ., ਪੀ.ਐਚ.ਡੀ. | ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ. | ਸ. ਉੱਤਮ ਸਿੰਘ |



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਮਾਹਿਰ ਧਰੁਪਦੀਏ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ
ਹਰਜਾਪ ਸਿੰਘ

14 ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ!
ਕਰਤਾਰ ਸਿੰਘ ਨੀਲਧਾਰੀ

16 ਇੱਕ ਗੁਰਮਤਿ ਸੁਨੇਹਾ
ਭਗਵੰਤ ਸਿੰਘ ਦਲਾਵਰੀ

18 ਅਨਹਦ ਧੁਨਿ
ਸਰਦਾਰਾ ਸਿੰਘ

25 ਅਨਾਹਦ ਨਾਦ
ਸੋਹਿੰਦਰ ਸਿੰਘ ਵਣਜਾਰਾ ਬੇਦੀ

26 ਰਾਗੀ ਜਥਾ ਭਾਈ ਪੁਸ਼ਪਿੰਦਰ ਸਿੰਘ 'ਨਿਰਮੋਲਕ'
ਅਵਤਾਰ ਸਿੰਘ 'ਹੰਸ'

27 ਪੁਸਤਕ ਪੜਚੋਲ
ਗੁਰਜੰਤ ਸਿੰਘ ਰਾਹੀ

29 Music Worship - the gift of Guru Nanak
Chris Mooney Singh

32 Karma
Sujan Singh

33 Adi Granth - a holy tank full of nectar
Maheep Singh

35 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

36 ਸੁਰ-ਲਿਪੀਆਂ
ਪ੍ਰੋ. ਪਰਮਜੋਤ ਸਿੰਘ



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246 (I ਫਲੋਰ),
ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

■


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ ਮਈ ਅੰਕ ਬਹੁਤ ਹੀ ਵਧੀਆ ਅੰਕ ਹੈ 'ਕਰਉ ਬੇਨੰਤੀਆ' ਡਾ: ਜਾਗੀਰ ਸਿੰਘ ਜੀ ਵਲੋਂ ਲਿਖੀ ਤਹਰੀਕ ਬਹੁਤ ਹੀ ਕਾਬਲੇ ਤਾਰੀਫ ਸੀ। ਗੁਰੂ ਰਾਮ ਦਾਸ ਦੀ ਬਾਣੀ ਦੀ ਪ੍ਰਗੀਤਾਤਮਕਤਾ ਲੇਖ ਵੱਲੋਂ ਪ੍ਰੋ. ਚਾਨਣ ਸਿੰਘ ਨਿਰਮਲ, ਜਿਨ ਅੰਤਰ ਹਰਿ ਹਰਿ ਪ੍ਰੀਤ ਹੈ ਤੇ ਜਨ ਸੁਘੜ ਲੇਖ ਵਲੋਂ ਪ੍ਰੋ. ਬਲਵਿੰਦਰ ਸਿੰਘ, ਸਿਮਰਨ ਸਮਾਧੀ ਤੇ ਸੰਗੀਤ ਪਰੰਪਰ ਲੇਖ ਡਾ. ਜਸਬੀਰ ਕੌਰ ਦਾ ਲੇਖ ਬਹੁਤ ਹੀ ਸਲਾਘਾਯੋਗ ਲੇਖ ਸੀ, ਅਖੰਡ ਪਾਠ ਦੀ ਮਰਿਆਦਾ ਬਾਰੇ ਲੇਖ ਸੋਹਿੰਦਰ ਸਿੰਘ ਵਣਜਾਰਾ ਬੇਦੀ ਵੱਲੋਂ', ਪੁਸਤਕ ਸਮੀਖਿਆ ਡਾ. ਗੁਰਮੀਤ ਸਿੰਘ ਬੈਦਵਾਣ। ਨਵੀਆਂ ਤੇ ਪੁਰਾਣੀਆਂ ਕੈਸਟਾਂ ਬਾਰੇ ਅਤੇ ਪ੍ਰੋ. ਪਰਮਜੀਤ ਸਿੰਘ ਜੀ ਬਾਰੇ ਜਾਣਕਾਰੀ ਬੇਹੱਦ ਪਸੰਦ ਆਈ ਪ੍ਰੋ. ਜੀ ਬਹੁਤ ਸੰਗੀਤ ਦੇ ਸਮੁੰਦਰ ਹਨ।

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ, ਮਨਮੋਹਨ ਸਿੰਘ ਵਲੋਂ ਪ੍ਰਿੰਸੀਪਲ ਦਿਆਲ ਸਿੰਘ ਵੱਲੋਂ ਰਾਗ ਟੋਡੀ ਰੂਪਕਤਾਲ ਦੀ ਬੰਦਸ਼, ਰਾਗ ਟੋਡ ਵਿੱਚ ਇਕਨੜੇ ਦੀ ਬੰਦਸ ਆਦਿ ਲੇਖ ਬਹੁਦ ਹੀ ਖੋਜ ਭਰਪੂਰ ਸਨ।

*ਪ੍ਰੋ. ਐਸ. ਐਸ ਮਸਤਾਨਾ*

C/o ਅਸ਼ੋਕ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ, ਮੁਕਤਸਰ

★ 'ਅੰਮ੍ਰਿਤ ਕੀਰਤਨ' ਵਿੱਚ ਸ੍ਰ: ਹਰਭਜਨ ਸਿੰਘ ਜੀ ਦੀ ਤੀਬਰ ਇੱਛਾ ਅੰਮ੍ਰਿਤ ਕੀਰਤਨ ਪੜ੍ਹਨ ਦੀ, ਕੀਰਤਨ ਤੇ ਗੁਰਬਾਣੀ ਵਿੱਚ ਦਿਲਚਸਪੀ, ਸ਼ੌਕ ਪਿਆਰ ਰੱਖਦੇ ਹਨ। ਪਰ ਹਾਲਾਤ ਦੇ ਮੁਤਾਬਕ ਖਰੀਦ ਨਹੀਂ ਸਕਦੇ।

ਸੋ ਇਹ 100 ਰੁ: ਤੁਛ ਭੇਟਾ ਓਹਨਾਂ ਦੇ ਇੱਕ ਸਾਲ ਪੜ੍ਹਨ ਦੇ ਚੰਦੇ ਪ੍ਰਵਾਨ ਕਰਨੀ। ਓਹਨਾਂ ਨੂੰ ਹਰ ਮਹੀਨੇ ਪੜ੍ਹਨ ਦੀ ਇੱਛਾ ਪੂਰੀ ਹੋਵੇ।

ਇਹ ਪਿਛਲੀਆਂ ਕਾਪੀਆਂ ਹਨ ਕ੍ਰਿਪਾ ਕਰਕੇ ਉਹਨਾਂ ਨੂੰ post ਕਰ ਦੇਣੀਆਂ। ਇਹ ਤਕਲੀਫ ਆਪ ਜੀ ਨੂੰ ਹੀ ਦੇ ਰਹੀ ਹਾਂ, ਮੇਰੀ ਸਿਹਤ ਜ਼ਿਆਦਾ ਕੁਝ ਕਰਨ ਤੇ ਇਜ਼ਾਜਤ ਨਹੀਂ ਦੇਂਦੀ।

10 ਰੁ: ਓਹਨਾਂ ਦੀ postage ਵਾਸਤੇ ਵਿੱਚ ਹੀ ਹਨ। (110 ਰੁ:)

*ਗੁਰਬਖਸ਼ ਕੌਰ ਸੂਰੀ*

*1021, ਸੈਕਟਰ 36-ਸੀ, ਚੰਡੀਗੜ੍ਹ*

★ 'ਅੰਮ੍ਰਿਤ ਕੀਰਤਨ' ਦੀ ਬਿਨਾ ਸ਼ਕ ਇੱਕ ਨਿਵੇਕਲੀ ਨੁਹਾਰ ਹੈ। ਸੰਭਵ ਹੋਵੇ ਤਾਂ ਇਸ ਦਾ ਕਲੇਵਰ ਵਧਾਣਾ ਚਾਹੀਦਾ ਹੈ। 'ਪਿਆਰਾ ਸਿੰਘ ਪਦਮ' ਵਰਗੇ ਅਨੁਭਵੀ ਪਰ ਨਿਮਾਣੇ ਗੁਰਸਿੱਖਾਂ ਦੀ ਸੁੱਚੀ ਕਲਮ ਦੇ ਥੋੜੇ ਸ਼ਬਦ ਵੱਡੀਆਂ ਕਿਤਾਬਾਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਜਾਂਦੇ ਹਨ। ਨਾਮ ਦੀ ਇਸ ਮਸਤੀ ਦੇ ਰੰਗ ਨੂੰ ਆਮ ਸਿੱਖ ਸਮਾਜ ਵਿੱਚ ਘੱਟ ਹੀ ਸਤਿਕਾਰਿਆ ਜਾਂਦਾ ਹੈ ਅਤੇ ਆਲੋਚਨਾ ਕਰਨ ਵਾਲੇ ਸਾਹਮਣੇ ਵੀ ਬੋਲ ਪੈਂਦੇ ਹਨ। ਹਾਲਾਂ ਕਿ ਭਾਈ ਰਣਧੀਰ ਸਿੰਘ ਨੂੰ ਵੀ ਸ਼ੁਰੂਆਤੀ ਦੌਰ ਆਏ ਤੇ ਜੇਲ੍ਹ ਚਿੱਠੀਆਂ ਵਿੱਚ ਲਿਖੇ ਗਏ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ 'ਜੀਵਨੀ ਸੰਤ ਅਤਰ ਸਿੰਘ ਜੀ ਮਸਤੂਆਣਾ' ਵਿੱਚ ਖਾਲਸਾ ਕਾਲਜ ਦੀ ਨੌਕਰੀ ਸਮੇਂ ਆਪਣੀ ਬਿਰਤ-ਸਮਾਧੀ ਦੇ ਅਨੁਭਵ ਲਿਖੇ ਹਨ। ਗੁਰੂ ਆਪ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖੇ ਅਤੇ ਗੁਰੂ ਪਿਆਰਿਆਂ ਦੇ ਕਲਮ ਦਰਸ਼ਨ ਕਰਾਂਦੇ ਰਹੋ। ਰਾਗੀਆਂ ਦੀ ਜੀਵਨ ਲੜੀ ਸ਼ੁਰੂ ਹੋ ਸਕੇ ਤਾਂ ਇਤਿਹਾਸ ਸਿਰਜਿਆ ਜਾਵੇਗਾ।

*ਕਰਤਾਰ ਸਿੰਘ ਨੀਲਧਾਰੀ*

162 ਏ, ਗਰੇਨ ਮਾਰਕੀਟ, ਚੰਡੀਗੜ੍ਹ 160 026

★ ਅਪ੍ਰੈਲ ਮਹੀਨੇ ਦਾ ਅੰਕ ਪੜ੍ਹਿਆ ਜਿਸ ਵਿੱਚ 'ਪੁਸਤਕ ਸਮੀਖਿਆ, ਬੰਧਨ ਤੇ ਮੁਕਤੀ' ਡਾ. ਗੁਰਮੀਤ ਸਿੰਘ ਜੀ ਬੈਦਵਾਣ, ਲੇਖਕ ਪ੍ਰੋ. ਹਿੰਮਤ ਸਿੰਘ ਜੀ ਸੋਢੀ ਦੀ ਲਿਖੀ ਪੁਸਤਕ ਹੈ। ਜਿਸ ਵਿੱਚ ਲਿਖਿਆ ਹੈ ਕਿ: ਨਾਨਕ ਬਾਣੀ ਅਨੁਸਾਰ ਚਾਰ ਯੁੱਗਾਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਲੇਖਕ ਨੇ ਸਤਿਯੁੱਗ ਤੋਂ ਬਿਨਾਂ ਸਾਰੇ ਯੁੱਗਾਂ ਨੂੰ ਮਨੁੱਖਤਾ ਦੇ ਵਿਰੋਧੀ ਹੀ ਗਰਦਾਨਿਆਂ ਹੈ। ਲੇਖਕ ਦਾ ਕਹਿਣਾ ਹੈ ਕਿ ਇਹਨਾਂ ਯੁੱਗਾਂ ਵਿੱਚ ਧਰਮ ਤਾਂ ਸੀ ਪਰ ਧਾਰਮਿਕਤਾ ਨਹੀਂ ਸੀ। ਧਾਰਮਿਕਤਾ ਤੋਂ ਬਿਨਾਂ ਧਰਮ ਦਾ ਕੋਈ ਅਰਥ ਨਹੀਂ।

ਮੇਰੀ ਲੇਖਕ ਜੀ ਅਗੇ ਬੇਨਤੀ ਹੈ ਕਿ ਉਹ ਗੁਰੂ ਨਾਨਕ ਬਾਣੀ ਨੂੰ ਪਹਿਲਾ ਚੰਗੀ ਤਰ੍ਹਾਂ ਘੋਖਣ ਉਪਰੰਤ ਆਪਣੇ ਗੁਰਬਾਣੀ ਬਾਰੇ ਵਿਚਾਰ ਪ੍ਰਗਟ ਕਰਨ। ਲੇਖਕ ਜੀ ਅੱਗੋਂ ਗੁਰਬਾਣੀ ਤੋਂ ਸੇਧ ਲੈ ਕੇ ਕਿਤਾਬਾਂ ਲਿਖਣ ਦਾ ਹੀਆ ਕਰਨ ਅਤੇ ਸਾਡੀ ਸਿੱਖ ਕੌਮ ਨੂੰ ਸਹੀ ਸੇਧ ਦੇਣ।

*ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥*

ਸਿੱਧ ਗੋਸਟਿ

*ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥੨੦॥*

*ਅਮਰਜੀਤ ਸਿੰਘ ਖਾਲਸਾ, ਪੂਨਾ ਜੇਲ੍ਹ*

*C/8425, Circle No. 1/5, Yervada Central Prison*

*Pune - 411 006, Maharashtra*

## ਕਰਉ ਬੇਨੰਤੀਆ

### ਮੈਂ ਅਤੇ ਕਿਤਾਬਾਂ

ਪੜ੍ਹਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਰਿਹਾ ਹੈ। ਮੈਨੂੰ ਯਾਦ ਆਉਂਦਾ ਹੈ, ਮੇਰੇ ਦਾਦਾ ਜੀ ਸ੍ਰ. ਗੁਰਮੁਖ ਸਿੰਘ ਅਤੇ ਮੇਰੇ ਤਾਇਆ ਜੀ ਗਿਆਨੀ ਤਖਤ ਸਿੰਘ ਦੋਹਾਂ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਦਾਦਾ ਜੀ ਮੇਰੇ ਕੋਲੋਂ ਇੱਕ ਪੁਸਤਕ ਪੜ੍ਹਵਾ ਕੇ ਸੁਣਿਆ ਵੀ ਕਰਦੇ ਸਨ। ਪੁਸਤਕ ਦਾ ਨਾਂ ਮੈਨੂੰ ਯਾਦ ਹੈ 'ਆਤਮਾ ਦੀ ਪੁਕਾਰ'। ਸ਼ਾਇਦ ਗਿ: ਅਮਰ ਸਿੰਘ ਦੀ ਲਿਖੀ ਹੋਈ ਸੀ। ਉਹ ਜਦੋਂ ਪੁਸਤਕ ਸੁਣਦੇ ਤਾਂ ਨਾਲ ਆਪ ਵੀ ਵਿਆਖਿਆ ਸ਼ੁਰੂ ਕਰ ਦਿੰਦੇ। ਕਦੀ-ਕਦੀ ਕਿਸੇ ਤੁਕ ਦੇ ਅਰਥ ਮੇਰੇ ਕੋਲੋਂ ਪੁੱਛਦੇ ਸਨ। ਇੱਕ ਵਾਰ ਉਹਨਾਂ ਨੇ ਕਬੀਰ ਜੀ ਦੇ ਇਸ ਸਲੋਕ ਦੇ ਅਰਥ ਮੈਥੋਂ ਪੁੱਛੇ ਸਨ :

*ਕਬੀਰ ਕੂਕਰ ਰਾਮ ਕਉ ਮੁਤੀਆ ਮੇਰੋ ਨਾਉ।*

ਮੈਂ ਸ਼ਾਇਦ ਪੁੱਠੇ ਸਿੱਧੇ ਅਰਥ ਬੋਲੇ ਸਨ। ਉਹ ਬੜਾ ਹੱਸੇ ਸਨ।

ਤਾਇਆ ਜੀ ਤਾਂ ਬਹੁਤੇ ਹੀ ਪੜ੍ਹਾਕੂ ਸਨ। ਅਖਬਾਰ ਉਹ ਹਰ ਰੋਜ਼ ਪੜ੍ਹਦੇ ਸਨ। ਉਹਨਾਂ ਦੀ ਅਖਬਾਰ ਰੇਲ ਗੱਡੀ ਰਾਹੀਂ ਪਿੰਡ ਦੇ ਫਾਟਕ ਤੇ ਕੋਈ ਸੁਟਦਾ ਤੇ ਉਹ ਲੈ ਕੇ ਉਸ ਨੂੰ ਪੜ੍ਹਦੇ। ਅਖਬਾਰ ਉਹ ਤੁਰਦੇ-ਤੁਰਦੇ ਹੀ ਪੜ੍ਹਨ ਲੱਗ ਪੈਂਦੇ 'ਤੇ ਰਾਹ ਵਿੱਚ ਇਸ ਤਰ੍ਹਾਂ ਕਈ ਵਾਰ ਡਿੱਗੇ ਵੀ ਸਨ। ਉਹਨਾਂ ਨੇ ਨਾਵਲ ਪੜ੍ਹਨ ਦੀ ਚੇਟਕ ਮੈਨੂੰ ਲਾਈ। ਪਹਿਲਾਂ ਨਾਨਕ ਸਿੰਘ ਦੇ ਨਾਵਲ, ਫਿਰ ਪੰਜਾਬੀ ਵਿੱਚ ਛਪੇ ਸਿੱਖ ਇਤਿਹਾਸ ਬਾਰੇ ਨਾਵਲ ਬਿਜਲਾ ਸਿੰਘ, ਲਹਿਰ ਵਧਦੀ ਗਈ ਆਦਿ।

ਕੁਝ ਹਿੰਦੀ 'ਚੋਂ ਅਨੁਵਾਦਤ ਨਾਵਲ 'ਮਿਰਤੂ ਕਿਰਨ' ਆਦਿ। ਪਰ ਇਸ ਪੜ੍ਹਾਈ ਦਾ ਸਿਖਰ ਸੀ ਹਿੰਦੀ ਦੇ ਜਾਸੂਸੀ ਨਾਵਲ। ਅੰਬਾਲਾ ਸ਼ਹਿਰ ਵਿੱਚ ਨਾਵਲਾਂ ਦੀ ਇੱਕ ਦੁਕਾਨ ਸੀ ਜਿੱਥੋਂ ਨਾਵਲ ਕਿਰਾਏ ਤੇ ਮਿਲਦੇ ਸਨ। ਕਿਰਾਇਆ 10 ਪੈਸੇ ਇੱਕ ਦਿਨ। ਉਹਨਾਂ ਹਿੰਦੀ ਦਾ ਨਾਵਲ ਲਿਆਉਣਾ ਪਹਿਲਾਂ ਉਹਨਾਂ ਪੜ੍ਹਨਾਂ ਫਿਰ ਮੈਂ। ਕਦੀ ਮੈਂ ਉਸ ਦੁਕਾਨ ਤੇ ਚਲਾ ਜਾਣਾ, ਕਦੀ ਤਾਇਆ ਜੀ ਨੇ। ਪਿੱਛੋਂ ਚਾਰ ਸਾਲ ਸਾਇਕਲ ਚਲਾ ਕੇ ਕੇਵਲ ਨਾਵਲ ਲੈਣ ਵੀ ਕਈ ਵਾਰ ਜਾਂਦੇ ਸਾਂ। 'ਭਾਟੀਆ ਬੁੱਕ ਡਿਪੋ' ਉਸ ਦੁਕਾਨ ਦਾ ਨਾਂ ਸੀ- 'ਨੀਲਮ ਜਾਸੂਸ', 'ਜਾਸੂਸੀ ਪੰਜਾ' 'ਜਾਸੂਸੀ ਦੁਨੀਆਂ' ਕਮਾਲ ਦਾ ਝੱਲ ਸੀ। ਉਦੋਂ ਫਿਰ ਲਗਭਗ ਦਸਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਸਾਹਿਤ, ਜਸਵੰਤ ਸਿੰਘ ਕੰਵਲ ਦੇ ਨਾਵਲ ਅਤੇ ਨਾਲ ਦੀ ਨਾਲ ਨਾਨਕ ਸਿੰਘ ਦੇ ਸਾਰੇ ਨਾਵਲ ਪੜ੍ਹ ਛੱਡੇ। ਬਾਦ ਵਿੱਚ ਮੈਂ ਕੀਰਤਨ ਕਰਨ ਲਈ ਜਦੋਂ ਬਾਹਰ ਜਾਂਦਾ ਤਾਂ ਰੇਲਵੇ ਸਟੇਸ਼ਨਾਂ ਤੋਂ ਨਾਵਲ ਖਰੀਦਦਾ ਪੜ੍ਹਦਾ। ਅਗਲੇ ਸਟੇਸ਼ਨ ਤੇ ਉਹ ਨਾਵਲ ਅੱਧੀ ਕੀਮਤ ਤੇ ਵਾਪਸ ਕਰਕੇ ਹੋਰ ਖਰੀਦ ਲੈਂਦਾ। ਪਰ ਇਸ ਸਾਰੇ ਕੁਝ ਦੇ ਨਾਲ-ਨਾਲ ਗੰਭੀਰ ਪੜ੍ਹਾਈ ਦਾ ਰੁਝਾਨ ਵੀ ਬਣਿਆ ਰਿਹਾ। ਧਰਮ, ਦਰਸ਼ਨ, ਜੀਵਨ-ਜਾਂਚ ਅਤੇ ਜੀਵਨੀ ਸਾਹਿਤ ਬਹੁਤ ਪੜ੍ਹਿਆ। ਫਿਰ ਅੰਗਰੇਜ਼ੀ ਨਾਵਲਾਂ ਦਾ ਝੱਲ ਚੜ੍ਹਿਆ। ਅੱਜਕੱਲ ਜੀਵਨ-ਜਾਚ ਬਾਰੇ ਕਾਫੀ ਕੁਝ ਪੜ੍ਹ ਰਿਹਾ ਹਾਂ। ਭਾਵੇਂ ਜਾਸੂਸੀ ਨਾਵਲ ਪੜ੍ਹਨਾ ਬਹੁਤੀ ਚੰਗੀ ਗੱਲ ਨਹੀਂ ਪਰ ਮੈਨੂੰ ਪੜ੍ਹਨ ਦੀ ਆਦਤ ਤਾਂ ਜਾਸੂਸੀ ਨਾਵਲਾਂ ਨੇ ਹੀ ਪਾਈ। ਇਹ ਉਹਨਾਂ ਦੀ ਮੈਨੂੰ ਹਾਂ-ਪੱਖੀ ਦੇਣ ਹੈ। ਇਸ ਦਾ ਇੱਕ ਮਾੜਾ ਅਸਰ ਇਹ ਹੋਇਆ ਕਿ ਮੈਂ ਵਾਰਤਕ ਦੀ ਵਾਕ-ਬਣਤਰ ਦੀ ਖੂਬਸੂਰਤੀ ਤੋਂ ਵਾਂਝਿਆ ਰਹਿਣ ਲੱਗ ਪਿਆ। ਕੇਵਲ ਘਟਨਾ-ਕ੍ਰਮ ਅਤੇ ਅਰਥਾਂ ਵੱਲ ਹੀ ਧਿਆਨ ਦਿੰਦਾ ਰਿਹਾ ਹਾਂ। ਕਵਿਤਾ ਨੂੰ ਮਾਣਨ ਦੀ ਜਾਚ ਬਹੁਤ ਬਾਅਦ ਵਿੱਚ ਆਈ ਜਦੋਂ ਮੈਂ ਪ੍ਰਿੰਸੀਪਲ ਸੁਜਾਨ ਸਿੰਘ ਹੋਰਾਂ ਤੋਂ ਗਿਆਨੀ ਲਈ ਪੜ੍ਹਿਆ ਅਤੇ ਡਾਕਟਰ ਕੇਸਰ ਸਿੰਘ ਹੋਰਾਂ ਤੋਂ ਐਮ. ਏ. ਪੰਜਾਬੀ ਲਈ ਪੜ੍ਹਿਆ। ਫਿਰ ਤਾਂ ਕਵਿਤਾ ਵਿੱਚ ਵੀ ਮੈਂ ਉਨ੍ਹਾਂ ਹੀ ਖੁਭ ਜਾਂਦਾ ਜਿੰਨਾਂ ਜਾਸੂਸੀ ਨਾਵਲਾਂ ਵਿੱਚ।

ਫਲਸਰੂਪ ਨਤੀਜਾ ਇਹ ਹੋਇਆ ਕਿ ਹੁਣ ਜ਼ਿੰਦਗੀ ਦੇ ਰੁਝੇਵਿਆਂ ਵਿੱਚੋਂ ਇੱਕ ਰੁਝਾਨ ਇਹ ਵੀ ਬਣ ਗਿਆ ਹੈ ਕਿ ਆਪਣੇ ਤੋਂ ਇਲਾਵਾ ਆਪਣੇ ਇਸ ਸਾਥੀ 'ਅੰਮ੍ਰਿਤ ਕੀਰਤਨ' ਦੇ ਸਹਿਯੋਗ ਨਾਲ ਕੁਝ ਨਿਸ਼ਠਾਵਾਨ ਪਾਠਕ ਪੈਦਾ ਹੋ ਸਕਣ।

ਬਸ! ਖਿਮਾ ਕਰਨਾ ਆਪਣੇ ਬਾਰੇ ਬਹੁਤੀਆਂ ਗੱਲਾਂ ਵੀ ਕੀ ਕਰਨੀਆਂ ਹੋਈਆਂ।

# ਮਾਹਿਰ ਧਰੁਪਦੀਏ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ


## ਹਰਜਾਪ ਸਿੰਘ

16, Junction Pond Lane, Monmouth Junction NJ-08852 USA


ਕਈ ਵਾਰੀ ਮਨ ਵਿੱਚ ਖ਼ਿਆਲ ਆਉਂਦੇ ਹਨ ਕਿ ਉਹ ਸਮੇਂ ਕਿੰਨੇ ਭਾਗਸ਼ਾਲੀ ਹੋਣਗੇ ਜਦੋਂ ਗੁਰੂ ਸਾਹਿਬਾਨ ਪ੍ਰਤੱਖ ਰੂਪ ਵਿੱਚ ਸਾਡੇ ਭਰਾਵਾਂ ਦੇ ਰੂਬਰੂ ਹੋਣਗੇ। ਉਹ ਸਮਾਂ ਕਿੰਨਾ ਚੰਗਾ ਹੋਵੇਗਾ ਜਦੋਂ ਸਿੱਖ ਆਪਣੇ ਗੁਰੂ ਸਾਹਿਬਾਨ ਦੇ ਬਚਨ ਉਨ੍ਹਾਂ ਦੇ ਮੁਖਾਰਬਿੰਦ ਤੋਂ ਸੁਣਿਆ ਕਰਦੇ ਹੋਣਗੇ। ਅੱਜ ਦੇ ਯੁੱਗ ਵਿੱਚ ਵੀ ਜਦੋਂ ਗਿਆਨੀ ਸੰਤ ਸਿੰਘ ਮਸਕੀਨ, ਭਾਈ ਧਰਮ ਸਿੰਘ ਜ਼ਖਮੀ, ਗਿਆਨੀ ਗੁਰਦੀਪ ਸਿੰਘ (ਮੁੱਖ ਗ੍ਰੰਥੀ ਨਿਊਯਾਰਕ) ਆਦਿ ਪਾਸੋਂ ਗੁਰਬਾਣੀ ਦੀ ਵਿਆਖਿਆ ਸੁਣੀਂਦੀ ਹੈ ਤਾਂ ਗਦ ਗਦ ਹੋ ਜਾਈਦਾ ਹੈ। ਪਰ ਜੋ ਸੱਜਣ ਗੁਰੂ ਸਾਹਿਬਾਨ ਦੇ ਆਪਣੇ ਮੁੱਖ ਤੋਂ ਬਾਣੀ ਦਾ ਗਾਇਨ ਜਾਂ ਵਿਆਖਿਆ ਸੁਣਦੇ ਹੋਣਗੇ ਉਹ ਸੱਚਮੁੱਚ ਭਾਗਵਾਨ ਹੋਣਗੇ। ਅੱਜ ਅਸੀਂ ਲੋਚਦੇ ਹਾਂ ਕਿ ਜਿਸ ਤਰ੍ਹਾਂ ਗੁਰੂ ਸਾਹਿਬਾਨ ਖੁਦ ਕੀਰਤਨ ਕਰਿਆ ਕਰਦੇ ਹੋਣਗੇ ਜਾਂ ਜਿਸ ਤਰ੍ਹਾਂ ਦੀ ਸ਼ੈਲੀ ਹੈ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਸੁਲਤਾਨ ਪੁਰ ਲੋਧੀ ਅਤੇ ਭਾਈ ਬਲਬੀਰ ਸਿੰਘ ਅੰਮ੍ਰਿਤਸਰ ਵਾਲਿਆਂ ਦੀ। ਭਾਈ ਸਾਹਿਬ ਦਾ ਆਬਾਦੀ ਪਿੰਡ ਸੈਦਪੁਰ (ਨਜ਼ਦੀਕ ਠੱਠਾ ਟਿੱਬਾ) ਤਹਿਸੀਲ ਸੁਲਤਾਨਪੁਰਲੋਧੀ ਜਿਲ੍ਹਾ (ਪੁਰਾਣੇ ਵਕਤਾਂ ਵਿੱਚ ਰਿਆਸਤ) ਕਪੂਰਥਲਾ ਹੈ। ਭਾਈ ਸਾਹਿਬ ਦੀ ਕੀਤਰਨ ਸ਼ੈਲੀ ਧਰੁਪਦ ਨੁਮਾਂ ਹੈ ਅਤੇ ਇਸਦਾ ਗਿਆਨ ਭਾਈ ਸਾਹਿਬ ਨੇ ਉਨ੍ਹਾਂ ਦੇ ਪ੍ਰਤੀਭਾਸ਼ਾਲੀ ਪਿਤਾ ਸਵਰਗਵਾਸੀ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਪਾਸੋਂ ਪ੍ਰਾਪਤ ਹੋਇਆ। ਭਾਈ ਜਵਾਲਾ ਸਿੰਘ ਤਰਨਤਾਰਨ ਸਕੂਲ ਦੇ ਧਰੁਪਦੀਏ ਸਨ।

ਭਾਈ ਜਵਾਲਾ ਸਿੰਘ ਜੀ ਦੇ ਪਰਿਵਾਰ ਵਿੱਚ ਵੀ ਕੀਰਤਨ ਕਲਾ ਦੀ ਬੇਅੰਤ ਦਾਤ ਸੀ। ਸੱਤ ਪੁਸ਼ਤਾਂ ਤੋਂ ਆਪਦਾ ਪਰਿਵਾਰ ਸ਼ਬਦ ਗਾਇਨ ਕਰਦਾ ਆਇਆ ਸੀ। ਕੋਈ ਵਕਤ ਸੀ ਜਦੋਂ ਸੁਲਤਾਨਪੁਰਲੋਧੀ ਬੰਗਾਲ ਤੋਂ ਪੇਸ਼ਾਵਰ ਨੂੰ ਜਾਂਦੀ ਸ਼ੇਰ ਸ਼ਾਹ ਸੂਰੀ ਦਵਾਰਾ ਉਸਾਰੀ ਕੌਮੀ ਸ਼ਾਹਰਾਹ ਉੱਪਰ ਨੂਰਮਹਿਲ ਤੋਂ ਲਾਹੌਰ ਨੂੰ ਜਾਂਦੇ ਹੋਏ ਇੱਕ ਵੱਡੀ ਛਾਉਣੀ ਦਾ ਸਦਰ ਮੁਕਾਮ ਸੀ। ਉਨ੍ਹਾਂ ਦਿਨ੍ਹਾਂ ਵਿੱਚ ਸੁਲਤਾਨਪੁਰਲੋਧੀ ਇੱਕ ਅਹਿਮ ਸਭਿਆਚਾਰਕ ਕੇਂਦਰ ਵੀ ਸੀ। ਕਪੂਰਥਲਾ, ਜਲੰਧਰ ਅਤੇ ਸੁਲਤਾਨ ਲੋਧੀ ਸੰਗੀਤ ਦੇ ਵੱਡੇ ਮਰਕਜ਼ ਸਨ। ਪਿੰਡ ਸੈਦਪੁਰ ਦੇ ਇਸ ਪਰਿਵਾਰ ਨੇ ਪੁਰਾਤਨ ਕੀਰਤਨ ਕਲਾ ਜੋ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਪ੍ਰਚਲਤ ਸੀ ਨੂੰ ਸੀਨਾ ਬਸੀਨਾ ਪੀੜ੍ਹੀ ਦਰ ਪੀੜ੍ਹੀ ਸਾਂਭ ਕੇ ਰੱਖਿਆ ਜਦੋਂ ਅੰਗਰੇਜ਼ ਦੇ ਵਕਤ ਵਿੱਚ ਜਰਨੈਲੀ ਸੜਕ ਜਲੰਧਰ ਤੋਂ ਬਿਆਸ ਵਿੱਚ ਦੀ ਲੰਘਦੀ ਅੰਮ੍ਰਿਤਸਰ ਅਤੇ ਲਾਹੌਰ ਤੱਕ ਬਣਾਈ ਗਈ ਉਸ ਸਮੇਂ ਸੁਲਤਾਨਪੁਰ ਇੱਕ ਪਾਸੇ ਰਹਿ ਗਿਆ। ਕਈ ਵਾਰੀ ਮਿੱਟੀ ਘੱਟੇ ਅਤੇ ਸ਼ੋਰ ਸ਼ਰਾਬੇ ਤੋਂ ਦੂਰ ਰਹਿਣਾ ਵੀ ਚੰਗਾ ਹੀ ਹੁੰਦਾ ਹੈ। ਅੰਮ੍ਰਿਤਸਰ ਅਤੇ ਲਾਹੌਰ ਵਿੱਚ ਸੰਗੀਤ ਵਿੱਚ ਵੀ ਬੜੀਆਂ ਅਹਿਮ ਤਬਦੀਲੀਆਂ ਪਿਛਲੇ ਡੇਢ ਸੌ ਸਾਲਾਂ ਦੇ ਅੰਦਰ ਆਈਆਂ ਹਨ। ਧਰੁਪਦ ਸ਼ੈਲੀ ਤਕਰੀਬਨ ਮਰ ਹੀ ਚੁੱਕੀ ਏ। ਪਰ ਸੁਲਤਾਨਪੁਰਲੋਧੀ ਦੇ ਵੱਡੀ ਸ਼ਾਹਰਾਹ ਤੋਂ ਦੂਰ ਹੋ ਜਾਣ ਕਾਰਨ ਭਾਈ ਜਵਾਲਾ ਸਿੰਘ ਹੋਰਾਂ ਦੇ ਪਰਿਵਾਰ ਦੀ ਕੀਰਤਨ ਕਲਾ ਤੇ ਕੋਈ ਅਸਰ ਅੰਦਾਜ਼ ਨਹੀਂ ਹੋ ਸਕਿਆ। ਪਰ ਭਾਈ ਜਵਾਲਾ ਸਿੰਘ ਜੀ ਨੇ ਹੋਰ ਵੀ ਸੰਗੀਤਕ ਵਿੱਦਿਆ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਉਸਤਾਦਾਂ ਕੋਲੋਂ ਪ੍ਰਾਪਤ ਕਰ ਲਈ ਸੀ।

ਜੋ ਵੀ ਸ਼ਖਸ ਗਾਇਕੀ ਉੱਪਰ ਮਿਹਨਤ ਕਰਨ ਦੇ ਸਮਰੱਥ ਹੈ ਉਹ ਰਾਗ ਸਿੱਖ ਸਕਦਾ ਹੈ। ਪਰ ਰਾਗ ਦੀ ਅਦਾਇਗੀ ਵਾਸਤੇ ਗਲੇ ਦੀ ਮਿਠਾਸ ਅਤੇ ਲਚਕ ਦੀ ਬੜੀ ਜ਼ਰੂਰਤ ਹੈ। ਹਰ ਕਿਸੇ ਦੀ ਆਵਾਜ਼ ਪਰਭਾਵਸ਼ਾਲੀ ਅਤੇ ਆਕਰਸ਼ਕ ਨਹੀਂ ਹੋ ਸਕਦੀ। ਹਰ ਕੋਈ ਕੇ ਐਲ ਸਹਿਗਲ, ਤਲਤ ਮਹਿਮੂਦ ਅਤੇ ਮੁਹੰਮਦ ਰਫ਼ੀ ਨਹੀਂ ਬਣ ਸਕਦਾ। ਪਰ ਭਾਈ ਜਵਾਲਾ ਸਿੰਘ ਜੀ ਉੱਪਰ ਗੁਰੂ ਦੀ ਅਪਾਰ ਬਖ਼ਸ਼ਿਸ਼ ਸੀ। ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਅਜੀਬ-ਓ-ਗਰੀਬ ਲਰਜ਼ਤ ਸੀ ਜੋ ਮਹਿਜ਼ ਉਨ੍ਹਾਂ ਦੀ ਹੀ ਖਾਸੀਅਤ ਸੀ। ਇਸ ਲਾਜਵਾਬ ਆਵਾਜ਼ ਕਾਰਨ ਭਾਈ ਜਵਾਲਾ ਸਿੰਘ ਦੇ ਸੰਗੀਤ ਵਿੱਚ ਇੱਕ ਅਜਿਹਾ ਨਿਵੇਕਲਾਪਨ ਸੀ ਜੋ ਉਨ੍ਹਾਂ ਨੂੰ ਹੋਰ ਰਾਗੀ ਸਿੰਘਾਂ ਨਾਲੋਂ ਪੂਰੀ ਤਰ੍ਹਾਂ ਨਿਖੇੜਦਾ ਸੀ। ਬਾਕੀ ਰਹਿ ਗਈ ਗੱਲ ਮਿਹਨਤ ਨੇ ਪੂਰੀ ਕਰ ਦਿੱਤੀ। ਭਾਈ ਜਵਾਲਾ ਸਿੰਘ ਜੀ ਨੇ ਘੰਟਿਆਂ ਬੱਧੀ ਰਿਆਜ਼ ਵੀ ਕੀਤਾ, ਜਿਸ ਕਾਰਨ ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਅਦਭੁਤ ਅਦਬ ਅਤੇ ਠਹਿਰਾਓ ਸਮਾ ਗਿਆ। ਇਹ ਉਸੇ ਹੀ ਸ਼ਰੇਣੀ ਦਾ ਅਦਬ ਸੀ ਜਿਸ ਸ਼ਰੇਣੀ ਦੇ ਅਦਬ ਤੇ ਖਾਂ ਸਾਹਿਬ ਅਬਦੁਲ ਕਰੀਮ ਖਾਂਹ, ਖਾਂ ਸਾਹਿਬ ਫ਼ਈਆਜ਼ ਖਾਹ ਅਤੇ

ਖਾਂ ਸਾਹਿਬ ਬੜੇ ਗੁਲਾਮ ਅਲੀ ਖਾਂ ਮਾਲਾਮਾਲ ਸਨ। ਔਖੀਆਂ ਤੋਂ ਔਖੀਆਂ ਬੰਦਿਸ਼ਾਂ ਭਾਈ ਜਵਾਲਾ ਸਿੰਘ ਜੀ ਆਸਾਨੀ ਨਾਲ ਅਦਾ ਕਰ ਲੈਂਦੇ ਸਨ।

ਭਾਈ ਗੁਰਚਰਨ ਸਿੰਘ ਹੋਰਾਂ ਦਾ ਜਨਮ ਤਕਰੀਬਨ ਪਹਿਲੀ ਆਲਮੀ ਜੰਗ ਦੇ ਸ਼ੁਰੂ ਹੋਣ ਦੇ ਵਕਤ ਹੋਇਆ। ਜਿਸ ਸਮੇਂ ਸਿੰਘ ਸਭਾ ਲਹਿਰ ਪੂਰੇ ਜ਼ੋਰਾਂ ਤੇ ਸੀ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਪ੍ਰਾਪਤ ਕਰਨ ਵਾਸਤੇ ਸਿੱਖ ਸੰਗਤਾਂ ਜੈਤੋਂ ਅਤੇ ਹੋਰ ਮੋਰਚਿਆਂ ਵਿੱਚ ਰੁੱਝੀਆਂ ਹੋਈਆਂ ਸਨ, ਉਸੇ ਹੀ ਸਮੇਂ ਭਾਈ ਜਵਾਲਾ ਸਿੰਘ ਜੀ ਦੀ ਕੀਰਤਨ ਕਲਾ ਵੀ ਆਪਣੀ ਪ੍ਰਤਿਭਾ ਦੇ ਆਰੂਜ ਤੇ ਸੀ। ਭਾਈ ਗੁਰਚਰਨ ਸਿੰਘ ਜੀ ਅਜੇ ਅੱਠ ਨੌਂ ਸਾਲ ਦੇ ਸਨ ਅਤੇ ਪਿੰਡ ਦੇ ਸਕੂਲ ਵਿੱਚ ਪੜ੍ਹਦੇ ਸਨ ਕਿ ਪਿਤਾ ਜੀ ਨੇ ਭਾਈ ਸਾਹਿਬ ਨੂੰ ਗੁਰਬਾਣੀ ਕੰਠ ਕਰਨ ਅਤੇ ਰਾਗ ਵਿੱਦਿਆ ਗ੍ਰਹਿਣ ਕਰਨ ਵਾਸਤੇ ਪ੍ਰੇਰਨਾ ਦੇਣੀ ਸ਼ੁਰੂ ਕਰ ਦਿੱਤੀ। ਭਾਈ ਗੁਰਚਰਨ ਸਿੰਘ ਬੜੇ ਜ਼ਹੀਨ ਹਨ। ਔਖੀ ਤੋਂ ਔਖੀ ਰਾਗ ਵਿੱਦਿਆ ਉਹਨਾਂ ਦੇ ਦਿਮਾਗ ਨੇ ਆਸਾਨ ਸਮਝ ਕੇ ਗ੍ਰਹਿਣ ਕੀਤੀ। ਨੌਂ ਸਾਲ ਦੀ ਕਮਸਿਨ ਆਯੂ ਵਿੱਚ ਭਾਈ ਗੁਰਚਰਨ ਸਿੰਘ ਸ਼ਬਦ ਕੀਰਤਨ ਵਿੱਚ ਇਸਤੇਮਾਲ ਕੀਤੀਆਂ ਜਾਂਦੀਆਂ ਸਾਰੀਆਂ ਹੀ ਤਾਲਾਂ ਤਬਲੇ ਤੇ ਵਜਾਉਣ ਯੋਗ ਹੋ ਗਏ ਸਨ। ਪਿਤਾ ਜੀ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਨੌਂ ਸਾਲ ਦੀ ਉਮਰ ਤੋਂ ਹੀ ਆਪਣੇ ਜਥੇ ਵਿੱਚ ਸ਼ਾਮਿਲ ਕਰ ਚੁੱਕੇ ਸਨ ਅਤੇ ਭਾਈ ਗੁਰਚਰਨ ਸਿੰਘ ਤਬਲਾ ਵਾਦਨ ਕਰਦੇ ਸਨ। ਤਬਲੇ ਤੋਂ ਇਲਾਵਾ ਤਾਊਸ ਅਤੇ ਸਾਰੰਦਾ ਵਜਾਉਣ ਦੀ ਤਰਬੀਅਤ ਵੀ ਭਾਈ ਜਵਾਲਾ ਸਿੰਘ ਜੀ ਨੇ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਦੇ ਛੱਡੀ ਸੀ। ਪਰ ਕੋਈ ਵੀ ਸਾਜ਼ ਵਜਾਉਣਾ ਹੋਵੇ ਉਸ ਤੋਂ ਪਹਿਲਾਂ ਰਾਗ ਉੱਪਰ ਛਨਕਾਰ ਨੂੰ ਹਾਵੀ ਹੋਣਾਂ ਹੀ ਪੈਂਦਾ ਹੈ। ਜਿੰਨਾ ਚਿਰ ਰਾਗ ਤੁਹਾਡੇ ਦਿਮਾਗ ਵਿੱਚ ਪੂਰੀ ਤਰ੍ਹਾਂ ਧਸ ਨਾ ਚੁੱਕਿਆ ਹੋਵੇ ਉਨੀ ਦੇਰ ਤਾਈਂ ਸਾਜ਼ ਵਜਾਉਣਾ ਬੇਰਸ ਅਤੇ ਬੇਸੁਰਾ ਹੈ। ਭਾਈ ਗੁਰਚਰਨ ਸਿੰਘ ਰਾਗ ਗਾਉਣ ਤੇ ਵੀ ਓਨੀ ਹੀ ਮਿਹਨਤ ਕਰਦੇ ਸਨ ਜਿੰਨੀ ਤਾਊਸ, ਤਬਲਾ ਜਾਂ ਸਾਰੰਦਾ ਵਜਾਉਣ ਤੇ ਕਰਦੇ ਸਨ। ਭਾਈ ਜਵਾਲਾ ਸਿੰਘ ਸ਼ਾਸਤਰੀਆ ਸੰਗੀਤ ਦਾ ਖ਼ਜ਼ਾਨਾ ਸਨ ਅਤੇ ਇਹ ਖ਼ਜ਼ਾਨਾ ਸੀਨਾ-ਬਸੀਨਾ ਭਾਈ ਗੁਰਚਰਨ ਸਿੰਘ ਜੀ ਆਪਣੇ ਪਿਤਾ ਪਾਸੋਂ ਗ੍ਰਹਿਣ ਕਰ ਰਹੇ ਸਨ। ਤਕਰੀਬਨ ਵੀਹ ਕੁ ਸਾਲ ਦੀ ਉਮਰ ਤੱਕ ਭਾਈ ਗੁਰਚਰਨ ਸਿੰਘ ਹੋਰਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਨਿਰਧਾਰਤ ਇਕੱਤੀ ਦੇ ਇਕੱਤੀ ਰਾਗਾਂ ਦੇ ਵਿਆਕਰਣ ਤੇ ਮੁਹਾਰਤ ਹਾਸਿਲ ਕਰ ਲਈ ਸੀ। ਭਾਈ ਜਵਾਲਾ ਸਿੰਘ ਜੀ ਕੋਲ ਇਕੱਤੀ ਰਾਗਾਂ ਵਿੱਚੋਂ ਤਕਰੀਬਨ ਪੰਜ ਸੌ ਤੋਂ ਵੱਧ ਗੀਤਾਂ ਦਾ ਖ਼ਜ਼ਾਨਾ ਸੀ ਜੋ ਸਮੁੱਚੇ ਰੂਪ ਵਿੱਚ ਭਾਈ ਗੁਰਚਰਨ ਸਿੰਘ ਜੀ ਦੀ ਝੋਲੀ ਵਿੱਚ ਪੈ ਚੁੱਕਾ ਸੀ। ਰਿਆਜ਼ ਵਿੱਚ ਭਾਈ ਜਵਾਲਾ ਸਿੰਘ ਜੀ ਵੀ ਬੜੇ ਪਰਪੱਕ ਸਨ ਅਤੇ ਭਾਈ ਗੁਰਚਰਨ ਸਿੰਘ ਜੀ ਵੀ ਘੱਟ ਨਹੀਂ ਸਨ।

ਭਾਈ ਜਵਾਲਾ ਸਿੰਘ ਜੀ ਤੜਕੇ ਤਿੰਨ ਵਜੇ ਉੱਠਣ ਵਾਲੇ ਮਹਾਂਪੁਰਸ਼ ਸਨ। ਇਸ਼ਨਾਨ ਸੋਧ ਕੇ ਭਾਈ ਸਾਹਿਬ ਨਿੱਤਨੇਮ ਕਰਿਆ ਕਰਦੇ ਸਨ। ਜਾਂ ਤਾਂ ਭਾਈ ਜਵਾਲਾ ਸਿੰਘ ਕਿਸੇ ਨਾ ਕਿਸੇ ਗੁਰੂਘਰ ਵਿੱਚ ਆਸਾ ਦੀ ਵਾਰ ਦਾ ਅੰਮ੍ਰਿਤ ਵੇਲੇ ਕੀਰਤਨ ਕਰਿਆ ਕਰਦੇ ਸਨ ਜਾਂ ਜੇ ਕਿਤੇ ਸੇਵਾ ਨਾ ਕਰਦੇ ਹੋਣ ਦੀ ਸੂਰਤ ਵਿੱਚ ਘਰ ਵਿੱਚ ਹੀ ਤੰਤੀ ਸਾਜ਼ਾਂ ਦੀ ਸੰਗਤੀ ਵਿੱਚ ਰਾਗ ਵਿੱਦਿਆ ਦਾ ਰਿਆਜ਼ ਬਾਣੀ ਪੜ੍ਹਕੇ ਕਰਦੇ ਸਨ। ਅਜਿਹੇ ਰਿਆਜ਼ ਸਮੇਂ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਭਾਈ ਜਵਾਲਾ ਸਿੰਘ ਜੀ ਆਪਣੇ ਕੋਲ ਬਿਠਾ ਲੈਂਦੇ ਸਨ ਅਤੇ ਰਿਆਜ਼ ਵਿੱਚ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਵੀ ਸ਼ਰੀਕ ਕਰ ਲੈਂਦੇ ਸਨ। ਇਸ ਤਰ੍ਹਾਂ ਸ਼ਾਸਤਰੀਆ ਸੰਗੀਤ ਦੀ ਭਾਈ ਗੁਰਚਰਨ ਸਿੰਘ ਹੋਰਾਂ ਦੀ ਬੁਨਿਆਦ ਮੂਲੋਂ ਪੱਕੀ ਹੋ ਗਈ। ਇਹ ਰਿਆਜ਼ ਭਾਈ ਸਾਹਿਬ ਦੇ ਅਜੇ ਤੱਕ ਕੰਮ ਆ ਰਿਹਾ ਹੈ। ਭਾਈ ਜਵਾਲਾ ਸਿੰਘ ਜੀ ਵੇਹਲੇ ਨਹੀਂ ਸਨ ਬੈਠਦੇ। ਜਦੋਂ ਵੀ ਸਮਾਂ ਮਿਲੇ ਉਹ ਜਾਂ ਤਾਂ ਸਾਜ਼ ਵਜਾਉਣ ਵਿੱਚ ਰੁੱਝੇ ਜਾਂਦੇ ਸਨ ਜਾਂ ਫੇਰ ਆਵਾਜ਼ ਦਾ ਰਿਆਜ਼ ਕਰਦੇ ਸਨ। ਭਾਈ ਜਵਾਲਾ ਸਿੰਘ ਪੈਂਡਾ ਵੀ ਬਹੁਤ ਕਰਦੇ ਸਨ। ਇਹ ਪੈਂਡਾ ਉਹ ਪੈਦਲ ਚੱਲਕੇ ਜਾਂ ਸਾਈਕਲਾਂ ਤੇ ਕਰਦੇ ਸਨ। ਛੋਟੀ ਉਮਰੇ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਵੀ ਲੰਮੇ ਲੰਮੇ ਪੈਂਡਿਆਂ ਤੇ ਨਿਕਲਣਾ ਪੈਂਦਾ ਸੀ। ਇਸ ਨਾਲ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਸੀ।

ਬਰਸਾਤਾਂ ਤੋਂ ਬਿਨਾਂ ਬਾਕੀ ਦਾ ਸਾਰਾਹੀ ਸਾਲ ਦਰਿਆ ਬਿਆਸ ਵਿੱਚ ਬਹੁਤਾ ਪਾਣੀ ਨਹੀਂ ਸੀ ਹੋਇਆ ਕਰਦਾ। ਇਸ ਸੁੱਕੇ ਹੋਏ ਦਰਿਆ ਨੂੰ ਕਈ ਬਾਹਵਾਂ ਤੋਂ ਭਾਈ ਜਵਾਲਾ ਸਿੰਘ ਜੀ ਨੇ ਵਾਰ ਵਾਰ ਪਾਰ ਕੀਤਾ। ਆਪ ਰਹਿੰਦੇ ਸੈਦ ਪੁਰ ਸਨ, ਪਰ ਪ੍ਰਚਾਰ ਕਰਨ ਹਿਤ ਆਪ ਅੰਮ੍ਰਿਤਸਰ ਜ਼ਿਲ੍ਹੇ ਦੇ ਪੇਂਡੂ ਇਲਾਕੇ ਵਿੱਚ ਆਮ ਹੀ

ਜਾਇਆ ਕਰਦੇ ਸਨ। ਇਹ ਪੈਂਡਾ ਆਪ ਪੈਦਲ ਜਾਂ ਸਾਇਕਲਾਂ ਤੇ ਕਰਦੇ ਸਨ। ਜਦੋਂ ਪੰਜਾਬ ਵਿੱਚ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ ਉਸ ਵਕਤ ਸਿੰਘ ਸਭਾ ਦਾ ਪ੍ਰਚਾਰ ਕਰਨ ਵਿੱਚ ਭਾਈ ਜਵਾਲਾ ਸਿੰਘ ਮੋਹਰੀ ਸਨ। ਇਸ ਲਹਿਰ ਦੌਰਾਨ ਲੱਖਾਂ ਸਿੱਖਾਂ ਨੇ ਅੰਮ੍ਰਿਤ-ਪਾਨ ਕੀਤਾ ਅਤੇ ਅਨੇਕਾਂ ਸਮਾਜਿਕ ਕੁਰੀਤੀਆਂ ਤੋਂ ਨਜਾਤ ਪਾਈ। ਇਸ ਸਾਹਸੀ ਉਪਰਾਲੇ ਵਿੱਚ ਭਾਈ ਜਵਾਲਾ ਸਿੰਘ ਪੇਸ਼ ਪੇਸ਼ ਸਨ।

ਭਾਈ ਜਵਾਲਾ ਸਿੰਘ ਜੀ ਨੇ ਉਮਰ ਭਰ ਕਦੀ ਵੀ ਕਿਸੇ ਸੰਸਥਾ ਦੀ ਬਤੌਰ ਹਜ਼ੂਰੀ ਰਾਗੀ ਸੇਵਾ ਨਹੀਂ ਕੀਤੀ। ਉਹ ਆਜ਼ਾਦ ਤਬੀਅਤ ਦੇ ਮਾਲਿਕ ਸਨ। ਪਰ ਜਿਸ ਕਿਸੇ ਵੀ ਇਤਿਹਾਸਕ ਗੁਰਦੁਆਰਾ ਵਿਖੇ ਭਾਈ ਸਾਹਿਬ ਦਰਸ਼ਨਾਂ ਨੂੰ ਗਏ ਉਸੇ ਹੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਨੂੰ ਉਚੇਚੇ ਤੌਰ ਤੇ ਕੀਰਤਨ ਦੀ ਸੇਵਾ ਕਰਨ ਵਾਸਤੇ ਬੇਨਤੀ ਜ਼ਰੂਰ ਕੀਤੀ। ਅਜਿਹੀ ਬੇਨਤੀ ਨੂੰ ਭਾਈ ਸਾਹਿਬ ਨੇ ਗੁਰੂ ਦਾ ਹੁਕਮ ਮੰਨ ਕੇ ਪ੍ਰਵਾਨ ਕੀਤਾ। ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਤੋਂ ਲੈ ਕੇ ਤਖ਼ਤ ਸ੍ਰੀ ਹਰੀਮੰਦਰ ਸਾਹਿਬ ਪਟਨਾ ਸਾਹਿਬ ਤੱਕ ਹਰ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਭਾਈ ਜਵਾਲਾ ਸਿੰਘ ਜੀ ਨੇ ਕੀਰਤਨ ਦੀ ਚੌਕੀ ਭਰੀ। ਭਾਈ ਗੁਰਚਨ ਸਿੰਘ ਬਾਲ ਅਵਸਥਾ ਵਿੱਚ ਵੀ ਆਪਣੇ ਪਿਤਾ ਦੇ ਨਾਲ ਹੀ ਹੋਇਆ ਕਰਦੇ ਸਨ। ਪਿਤਾ ਪੁੱਤਰ ਦਾ ਆਪਸ ਵਿੱਚ ਪਿਆਰ ਵੀ ਬੜਾ ਸੀ।

ਭਾਈ ਗੁਰਚਰਨ ਸਿੰਘ ਤਕਰੀਬਨ 10 ਵਰ੍ਹਿਆਂ ਦੇ ਸਨ ਜਦੋਂ ਭਾਈ ਅਵਤਾਰ ਸਿੰਘ ਹੋਰਾਂ ਦਾ ਜਨਮ ਹੋਇਆ। ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ। ਭਾਈ ਅਵਤਾਰ ਸਿੰਘ ਹੋਰਾਂ ਦੀ ਆਵਾਜ਼ ਵਿੱਚ ਵੀ ਭਾਈ ਜਵਾਲਾ ਸਿੰਘ ਜੀ ਦੀ ਆਵਾਜ਼ ਨਾਲ ਮਿਲਦੀ ਜੁਲਦੀ ਲਰਜ਼ਤ ਸੀ। ਭਾਈ ਅਵਤਾਰ ਸਿੰਘ ਹੋਰਾਂ ਦੀ ਆਵਾਜ਼ ਦੀਆਂ ਵਿਸ਼ੇਸ਼ਤਾਈਆਂ ਨੂੰ ਭਾਈ ਜਵਾਲਾ ਸਿੰਘ ਜੀ ਨੇ ਚੰਗੀ ਤਰ੍ਹਾਂ ਪਛਾਣਿਆ ਅਤੇ ਉਨ੍ਹਾਂ ਨੂੰ ਵੀ ਅੱਠ ਨੌ ਸਾਲ ਦੀ ਉਮਰ ਤੋਂ ਹੀ ਵਾਕਿਆ ਵਾਦਨ ਅਤੇ ਗਾਇਕੀ ਦੀ ਤਰਬੀਅਤ ਦੇਣੀ ਸ਼ੁਰੂ ਕਰ ਦਿੱਤੀ। ਨਾਲੋ ਨਾਲ ਹੀ ਗੁਰਬਾਣੀ ਵੀ ਕੰਠ ਕਰਾਉਣੀ ਸ਼ੁਰੂ ਕਰ ਦਿੱਤੀ। ਭਾਈ ਅਵਤਾਰ ਸਿੰਘ ਹੋਰਾਂ ਨੇ ਬੜੀ ਜਲਦੀ ਜਲਦੀ ਗੁਰਮਤਿ ਸੰਗੀਤ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ।

1935 ਦੇ ਆਸ ਪਾਸ ਭਾਈ ਜਵਾਲਾ ਸਿੰਘ ਜੀ ਦੇ ਬਹੁ ਰੁਕਨੀ ਜਥੇ ਵਿੱਚ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਪੂਰੀ ਤਰ੍ਹਾਂ ਸ਼ਾਮਿਲ ਹੋ ਚੁੱਕੇ ਸਨ। ਭਾਈ ਅਵਤਾਰ ਸਿੰਘ ਹੋਰੀਂ ਵੀ ਤਬਲਾ, ਸਾਰੰਦਾ ਅਤੇ ਤਾਊਸ ਵਜਾਉਣ ਵਿੱਚ ਮਾਹਿਰ ਹੋ ਗਏ ਸਨ। ਗੁਰਮਤਿ ਸੰਗੀਤ ਵਿੱਚ ਇਸਤੇਮਾਲ ਕੀਤੀਆਂ ਜਾਂਦੀਆਂ ਔਖੀਆਂ ਔਖੀਆਂ ਤਾਲਾਂ ਭਾਈ ਅਵਤਾਰ ਸਿੰਘ ਤਬਲੇ ਦੇ ਕੱਢ ਚੁੱਕੇ ਸਨ। ਇਹ ਜਥਾ ਤਕਰੀਬਨ 15 ਸਾਲ ਇਕੱਠਿਆਂ ਕੀਰਤਨ ਕਰਦਾ ਰਿਹਾ। 1940 ਦੇ ਦਹਾਕੇ ਦੌਰਾਨ ਭਾਈ ਸੰਤਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਬੁੱਧ ਸਿੰਘ ਤਾਨ ਦਵਾਰਾ ਗਾਏ ਸ਼ਬਦ ਕੀਰਤਨ ਦੇ ਰਿਕਾਰਡ ਨਹੀਂ ਬਣਵਾਇਆ। ਕਿਉਂ ਨਹੀਂ ਬਣਵਾਇਆ ਇਸਦਾ ਕਾਰਨ ਅਜੇ ਤਾਈਂ ਪਤਾ ਨਹੀਂ ਲੱਗ ਸਕਿਆ। ਹੋਰ ਵੀ ਅਨੇਕਾਂ ਉੱਚ ਕੋਟੀ ਦੇ ਰਾਗੀਆਂ ਦੇ ਰਿਕਾਰਡ ਨਹੀਂ ਬਣੇ।

1940 ਤੱਕ ਭਾਈ ਜਵਾਲਾ ਸਿੰਘ ਜੀ ਦੇ ਜ਼ਹਿਨ ਵਿੱਚ ਮਹਿਫ਼ੂਜ਼ ਗੁਰਮਤਿ ਸੰਗੀਤ ਦੀਆਂ 500 ਤੋਂ ਵੱਧ ਗੀਤਾਂ ਜੋ ਕਦੀਮੀ ਵਕਤਾਂ ਤੋਂ ਬਸੀਨਾ ਪਿਤਾ ਪੁਰਖੀ ਅਤੇ ਉਸਤਾਦ ਸ਼ਗਿਰਦੀ ਰੂਪ ਵਿੱਚ ਜ਼ਿੰਦਾ ਤੇ ਪਾਇੰਦਾ ਸਨ ਉਨ੍ਹਾਂ ਦੇ ਬਾਲਾਂ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਦੇ ਜ਼ਹਿਨਾਂ ਦਾ ਸ਼ਿੰਗਾਰ ਬਣ ਚੁੱਕੀਆਂ ਸਨ। ਇਹ ਗੀਤਾਂ ਦਾ ਖ਼ਜ਼ਾਨਾ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੂੰ ਹੋਰ ਰਾਗੀ ਸਿੰਘਾਂ ਕੋਲੋਂ ਨਿਖੇੜਦਾ ਹੈ। ਇਹਨਾਂ ਗੀਤਾਂ ਦੇ ਕਾਰਨ ਹੀ ਭਾਈ ਸਾਹਿਬ ਦਾ ਸੰਗੀਤਕ ਜਗਤ ਵਿੱਚ ਅਥਾਹ ਸਤਿਕਾਰ ਹੈ। ਸੰਗਤਾਂ ਵੀ ਭਾਈ ਸਾਹਿਬ ਨੂੰ ਬੇਤਹਾਸ਼ਾ ਸਤਿਕਾਰ ਪ੍ਰਦਾਨ ਕਰਦੀਆਂ ਹਨ।

ਆਕਾਸ਼ਬਾਣੀ ਜਲੰਧਰ 1948 ਦੇ ਅੰਤ ਵਿੱਚ ਅਤੇ ਆਕਾਸ਼ਬਾਣੀ ਅੰਮ੍ਰਿਤਸਰ 1949 ਦੇ ਸ਼ੁਰੂ ਵਿੱਚ ਵਜੂਦ ਵਿੱਚ ਆਏ ਸਨ। ਭਾਈ ਸੰਤਾ ਸਿੰਘ ਅਤੇ ਭਾਈ ਸਮੁੰਦ ਸਿੰਘ ਜੀ ਤਾਂ ਆਲ ਇੰਡੀਆ ਰੇਡੀਓ ਲਾਹੌਰ ਦੇ ਵੀ ਕਲਾਕਾਰ ਸਨ। ਜਲੰਧਰ-ਅੰਮ੍ਰਿਤਸਰ ਦੇ ਨਵੇਂ ਕਲਾਕਾਰਾਂ ਵਿੱਚ ਭਾਈ ਅਮਰੀਕ ਸਿੰਘ ਜੀ ਅੰਮ੍ਰਿਤਸਰ ਵਾਲੇ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਲੋਧੀ ਵਾਲੇ ਸ਼ਾਮਿਲ ਹੋ ਗਏ। ਭਾਈ ਜਵਾਲਾ ਸਿੰਘ ਜੀ ਆਪਣੀ ਤਮਾਮ ਦੁਰਲੱਭ ਗੁਰਮਤਿ ਸੰਗੀਤਕ ਵਿੱਦਿਆ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਜੀ ਦੀ ਜੋੜੀ ਨੂੰ ਦੇ ਚੁੱਕੇ ਸਨ। ਸਮਾਂ ਆ ਚੁੱਕਿਆ ਸੀ ਕਿ

ਭਾਈ ਜਵਾਲਾ ਸਿੰਘ ਆਪਣੇ ਸਪੁੱਤਰਾਂ ਨੂੰ ਆਪਣੇ ਪੈਰਾਂ ਤੇ ਖੁਦ ਖੜੋਣ ਦਾ ਮੌਕਾ ਦੇਣ। 1949 ਵਿੱਚ ਭਾਈ ਜਵਾਲਾ ਸਿੰਘ ਨੇ ਖੁਦ ਕੀਰਤਨ ਦੀ ਸੇਵਾ ਬਹੁਤ ਹੱਕ ਤੱਕ ਘਟਾ ਦਿੱਤੀ ਅਤੇ ਆਪਣੇ ਨੌਜੁਆਨ ਸਪੁੱਤਰਾਂ ਨੂੰ ਆਪਣਾ ਅਲਹਿਦਾ ਜਥਾ ਬਣਾਉਣ ਵਾਸਤੇ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ।

1950 ਦੇ ਕਰੀਬ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਦਾ ਜਥਾ ਦੂਰ ਦੂਰ ਤੱਕ ਕੀਰਤਨ ਦੀ ਸੇਵਾ ਕਰਨ ਵਾਸਤੇ ਆਮੰਤਰਿਤ ਹੋਣ ਲੱਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤਾਂ ਲੰਬੇ ਅਰਸੇ ਤੋਂ ਭਾਈ ਜਵਾਲਾ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਜਾਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਨਿਯੁਕਤ ਕਰਨ ਵਾਸਤੇ ਉਤਸੁਕ ਸੀ। ਇਹ ਸੰਸਥਾ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰਾਂ ਦੀ ਜੋੜੀ ਵਿੱਚ ਵੀ ਦਿਲਚਸਪੀ ਲੈ ਰਹੀ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਬਣਨਾ ਮੰਨ ਲੈਣ। ਦਰਬਾਰ ਸਾਹਿਬ ਦੇ ਮੁੱਖ ਹਜ਼ੂਰੀ ਰਾਗੀ ਭਾਈ ਚਾਂਦ ਪਾਕਿਸਤਾਨ ਪਰਤ ਚੁੱਕੇ ਸਨ ਅਤੇ ਉੱਥੇ ਜ਼ਿਲਤਾਂ ਉਠਾਕੇ ਖ਼ੁਦਕੁਸੀ ਕਰਨ ਤੇ ਮਜ਼ਬੂਰ ਹੋ ਗਏ ਸਨ। ਭਾਈ ਸੰਤਾ ਸਿੰਘ ਜੀ ਦਰਬਾਰ ਸਾਹਿਬ ਦੀ ਸੇਵਾ ਛੱਡਕੇ ਠੇਕੇਦਾਰੀ ਕਰਨ ਦੇ ਜਨੂਨ ਵਿੱਚ ਆਸਾਮ ਅਤੇ ਬੰਗਾਲ ਨੂੰ ਰਵਾਨਾ ਹੋ ਚੁੱਕੇ ਸਨ ਅਤੇ ਭਾਈ ਸਮੁੰਦ ਸਿੰਘ ਜੀ ਦੀ ਸ੍ਰੀ ਦਰਬਾਰ ਸਾਹਿਬ ਤੋਂ ਅਸਤੀਫਾ ਦੇ ਕੇ ਲੁਧਿਆਣੇ ਚਲੇ ਗਏ ਸਨ।

ਸ੍ਰੀ ਦਰਬਾਰ ਸਾਹਿਬ ਨੂੰ ਇੱਕ ਚੰਗੇ ਰਾਗੀ ਜਥੇ ਦੀ ਪਹਿਲਾਂ ਨਾਲੋਂ ਕਿਤੇ ਵੱਧ ਜ਼ਰੂਰਤ ਸੀ। ਇਸ ਜ਼ਰੂਰਤ ਨੂੰ ਪੂਰੀ ਕਰਨ ਵਾਸਤੇ ਸਭ ਤੋਂ ਵੱਧ ਯੋਗ ਜਥਾ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦਾ ਹੀ ਸੀ। ਭਾਈ ਤਾਬਾ ਜੀ ਦਾ ਜਥਾ ਵੀ ਪਾਕਿਸਤਾਨ ਜਾ ਚੁੱਕਿਆ ਸੀ। ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਾਸਤੇ ਇੱਕ ਚੰਗੇ ਧਰੁਪਦੀਏ ਜਥੇ ਦੀ ਘਾਟ ਮਹਿਸੂਸ ਹੋ ਰਹੀ ਸੀ। ਪਰ ਆਪਣੇ ਪਿਤਾ ਦੀ ਤਰ੍ਹਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਵੀ ਆਜ਼ਾਦ ਹੀ ਰਹਿਣ ਦੇ ਇਛੁੱਕ ਸਨ। ਆਜ਼ਾਦ ਰਹਿ ਕੇ ਵੀ ਭਾਈ ਸਾਹਿਬ ਬੜੇ ਹੀ ਮਸਰੂਫ ਰਹਿੰਦੇ ਸਨ।

1953 ਵਿੱਚ ਵਾਢੀਆਂ ਤੋਂ ਬਾਅਦ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਤੀਰਥ ਯਾਤਰਾ ਨੂੰ ਪੰਜਾਬ ਤੋਂ ਬਾਹਰ ਨਿਕਲੇ। ਇਰਾਦਾ ਇਹ ਸੀ ਕਿ ਗੁਰੂਘਰਾਂ ਦੇ ਦਰਸ਼ਨ ਵੀ ਕਰਾਂਗੇ ਅਤੇ ਗੁਰੂਘਰਾਂ ਵਿੱਚ ਕੀਰਤਨ ਚੌਕੀਆਂ ਵੀ ਭਰਾਂਗੇ। ਪੰਜਾਬ ਤੋਂ ਪੂਰਬ ਵੱਲ ਪਹਿਲਾ ਪੜਾਓ ਦਿੱਲੀ ਦਾ ਸੀ। ਭਾਈ ਸਾਹਿਬ ਦੀ ਜੋੜੀ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਪੁੱਜੀ। ਇਸ ਗੁਰੂਘਰ ਵਿਖੇ ਕੀਰਤਨ ਦੀ ਇੱਕ ਚੌਕੀ ਭਰੀ। ਇੱਕ ਅੱਧ ਧਰੁਪਦ, ਇੱਕ ਪੜਤਾਲ ਅਤੇ ਇੱਕ ਦੋ ਹੋਰ ਬਿਖੜੀਆਂ ਗੀਤਾਂ ਵਿੱਚ ਭਾਈ ਸਾਹਿਬ ਨੇ ਕੀਰਤਨ ਦੀ ਸੇਵਾ ਕੀਤੀ। ਉਨਾਂ ਦਿਨਾਂ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਰਤਾ ਜੋ ਪਾਕਿਸਤਾਨ ਤੋਂ ਆਏ ਸਨ, ਉਹ ਕੀਰਤਨ ਕਲਾ ਦੇ ਚੋਖੇ ਪ੍ਰੇਮੀ ਸਨ। ਇਨ੍ਹਾਂ ਵਿੱਚੋਂ ਕਈ ਕੀਰਤਨ ਕਲਾ ਦੇ ਡੂੰਘੇ ਪਾਰਖੂ ਵੀ ਸਨ। ਉਨ੍ਹਾਂ ਨੂੰ ਭਾਈ ਸਾਹਿਬ ਦਾ ਕੀਰਤਨ ਬੜਾ ਪਸੰਦ ਆਇਆ।

1953 ਵਿੱਚ ਹੀ ਆਸਾਮ ਅਤੇ ਪੱਛਮੀ ਬੰਗਾਲ ਵਿੱਚ ਠੇਕੇਦਾਰੀ ਤੋਂ ਮਾਯੂਸ ਹੋ ਕੇ ਭਾਈ ਸੰਤਾ ਸਿੰਘ ਜੀ ਵੀ ਵਾਪਿਸ ਪਰਤ ਚੁੱਕੇ ਸਨ। ਸ੍ਰੀ ਦਰਬਾਰ ਸਾਹਿਬ ਤੋਂ ਤਾਂ ਉਹ ਸੇਵਾ ਮੁਕਤ ਹੋ ਹੀ ਚੁੱਕੇ ਸਨ, ਪਰ ਉਨ੍ਹਾਂ ਦੇ ਪਾਏ ਦਾ ਹੋਰ ਕੋਈ ਵੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਨਹੀਂ ਸੀ ਕਰ ਰਿਹਾ। ਇਸ ਘਾਟ ਨੂੰ ਪੂਰੀ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਈ ਸੰਤਾ ਸਿੰਘ ਜੀ ਨੂੰ ਮੁੜਕੇ ਹਜ਼ੂਰੀ ਰਾਗੀ ਦੀ ਸੇਵਾ ਦੇਣ ਵਾਸਤੇ ਰਾਜ਼ੀ ਸੀ। ਪਰ ਭਾਈ ਸੰਤਾ ਸਿੰਘ ਜੀ ਨੂੰ ਦਿੱਲੀ ਵਿੱਚ ਸੇਵਾ ਕਰਨ ਵਿੱਚ ਵਧੇਰੇ ਦਿਲਚਸਪੀ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੇਸ਼ਕਸ਼ ਮਿਲਣ ਤੇ ਭਾਈ ਸੰਤਾ ਸਿੰਘ ਜੀ ਉਨ੍ਹਾਂ ਨੂੰ ਜਵਾਬ ਨਹੀਂ ਦੇ ਸਕੇ ਅਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਕਰਨ ਲੱਗ ਪਏ।

ਭਾਈ ਸੰਤਾ ਸਿੰਘ ਜੀ ਤੋਂ ਥੋਹੜੀ ਦੇਰ ਬਾਅਦ ਹੀ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਜੀ ਦੇ ਰਾਗੀ ਜਥੇ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੇਸ਼ਕਸ਼ ਪ੍ਰਾਪਤ ਹੋਈ। ਦੋ ਚਿੱਤੇ ਮਨ ਨਾਲ ਹੀ ਭਾਈ ਸਾਹਿਬ ਨੇ ਇਹ ਸੇਵਾ ਪ੍ਰਵਾਨ ਕੀਤੀ। ਪਰ 35 ਵਰ੍ਹਿਆਂ ਤੋਂ ਵੱਧ ਅਰਸੇ ਤੱਕ ਉਨ੍ਹਾਂ ਦਾ ਸੰਬੰਧ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਬਦਸਤੂਰ ਜਾਰੀ ਰਿਹਾ। ਵੈਸੇ ਤਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਜ਼ਰਾਂ ਵਿੱਚ ਕੋਈ ਹੈਡ ਰਾਗੀ ਨਹੀਂ ਹੁੰਦਾ ਨਾਂ ਹੀ ਕੋਈ ਦੋਮ ਰਾਗੀ ਹੁੰਦਾ ਹੈ, ਪਰ ਹਕੀਕਤ ਇਹ ਹੈ ਕਿ ਭਾਈ

ਸੰਤਾ ਸਿੰਘ ਜੀ ਦੇ ਜਥੇ ਨੂੰ ਹੈੱਡ ਰਾਗੀ ਜਥੇ ਵਾਲਾ ਸਨਮਾਨ ਦਿੱਤਾ ਜਾਂਦਾ ਸੀ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਜਥੇ ਨੂੰ ਦੂਜਾ ਅਸਥਾਨ ਦਿੱਤਾ ਜਾਂਦਾ ਸੀ। ਇਸੇ ਹੀ ਤਰ੍ਹਾਂ 1966 ਵਿੱਚ ਭਾਈ ਸੰਤਾ ਸਿੰਘ ਜੀ ਦੇ ਸਵਰਗਵਾਸ ਹੋਣ ਤੱਕ ਜਾਰੀ ਰਿਹਾ। ਭਾਈ ਸੰਤਾ ਸਿੰਘ ਜੀ ਤੋਂ ਬਾਅਦ ਸੇਵਾ ਮੁਕਤ ਹੋਣ ਦੇ ਸਮੇਂ ਤਾਈਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼੍ਰੋਮਣੀ ਰਾਗੀ ਜਥੇ ਦੇ ਸਨਮਾਨਾਂ ਦੇ ਦਾਅਵੇਦਾਰ ਰਹੇ ਹਨ। ਅਜੇ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਭਾਈ ਅਵਤਾਰ ਸਿੰਘ ਗੁਰਚਰਨ ਸਿਘ ਜੀ ਦੇ ਰਾਗੀ ਜਥੇ ਨੂੰ ਹੱਥੀਂ ਛਾਵਾਂ ਕਰਦੇ ਹਨ।

ਦਿੱਲੀ ਆਣ ਕੇ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੇ ਆਪਣੇ ਭਤੀਜੇ ਭਾਈ ਸਵਰਨ ਸਿੰਘ ਨੂੰ ਸੈਦਪੁਰ ਤੋਂ ਮੰਗਵਾਇਆ। ਭਾਈ ਸਵਰਨ ਸਿੰਘ ਉਮਰ ਵਿੱਚ ਭਾਈ ਅਵਤਾਰ ਸਿੰਘ ਹੋਰਾਂ ਤੋਂ ਵੀ ਦਸ ਵਰ੍ਹੇ ਛੋਟੇ ਹਨ। ਤਬਲੇ ਉੱਪਰ ਔਖੀਆਂ ਤੋਂ ਔਖੀਆਂ ਤਾਲਾਂ ਭਾਈ ਸਵਰਨ ਸਿੰਘ ਨੂੰ ਭਾਈ ਗੁਰਚਰਨ ਸਿੰਘ ਹੋਰਾਂ ਨੇ ਖੁਦ ਹਰ ਰੋਜ਼ ਕਈ ਕਈ ਘੰਟੇ ਪਰਸ਼ਿਕਸ਼ਣ ਦੇਕੇ ਸਿਖਾਈਆਂ। ਹਰ ਨਵੀਂ ਤਾਲ ਨੂੰ ਸਿੱਖਣ ਉਪਰੰਤ ਕਈ ਕਈ ਘੰਟਿਆਂ ਤੱਕ ਹਰ ਰੋਜ਼ ਉਸ ਤਾਲ ਦਾ ਰਿਆਜ਼ ਭਾਈ ਸਵਰਨ ਸਿੰਘ ਤਨਹਾਈ ਵਿੱਚ ਬੈਠ ਕੇ ਕਰਦੇ ਸਨ। ਮੱਠੀ ਤੋਂ ਮੱਠੀ ਲੈਅ ਅਤੇ ਤੀਬਰ ਤੋਂ ਤੀਬਰ ਲੈਅ ਵਿੱਚ ਤਬਲਾ ਵਾਦਨ ਕਰਨਾ ਬੜੇ ਰਿਆਜ਼ ਦਾ ਕੰਮ ਹੈ। ਅਜਿਹੀ ਲਗਨ ਭਾਈ ਸਵਰਨ ਸਿੰਘ ਵਿੱਚ ਅੱਜ ਤੱਕ ਮੌਜੂਦ ਹੈ।

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਅਤੇ ਸਵਰਨ ਸਿੰਘ ਦਾ ਜਥਾ ਇੱਕ ਸੰਪੂਰਨ ਜਥਾ ਹੈ। ਇਸ ਜਥੇ ਨੂੰ ਬਾਣੀ ਵੀ ਚੋਖੀ ਕੰਠ ਹੈ, ਆਵਾਜ਼ ਵਿੱਚ ਮਿਠਾਸ ਵੀ ਬੜੀ ਹੈ, ਰਿਆਜ਼ ਵਿੱਚ ਪੁਖ਼ਤਗੀ ਹੈ ਅਤੇ ਸੁਰ ਅਤੇ ਤਾਲ ਦੋਹਾਂ ਵਿੱਚ ਪਰਪੱਕਤਾ ਅਤੇ ਸੁਮੇਲ ਹੈ। ਰੇਡੀਓ ਆਰਟਿਸਟ ਭਾਈ ਸਾਹਿਬ 1949 ਤੋਂ ਚਲੇ ਆ ਰਹੇ ਹਨ। ਦਿੱਲੀ ਆਣ ਕੇ ਆਪਨੇ ਚਾਲ੍ਹੀਵਿਆਂ ਵਿੱਚ ਹੀ ਤਰਕ ਕਰ ਦਿੱਤੇ ਸਨ। ਇਨ੍ਹਾਂ ਤੰਤੀ ਸਾਜ਼ਾਂ ਦੀ ਥਾਂਹ ਤੇ ਆਪਣੇ ਹਰਮੋਨੀਅਮ ਨੂੰ ਅਪਣਾਲਿਆ ਸੀ। ਪਰ ਡਾਕਟਰ ਬੀ ਵੀ ਕੇਸਕਰ ਦੇ ਬਤੌਰ ਸੂਚਨਾ ਅਤੇ ਨਸ਼ਰੀਅਤ ਤੇ ਵਜ਼ੀਰ ਹੋਣ ਦੇ ਕਾਰਜਕਾਲ ਸਮੇਂ ਅਕਾਸ਼ਬਾਣੀ ਅਤੇ ਹਰਮੋਨੀਅਮ ਸਾਜ਼ ਦੇ ਵਜਾਉਣ ਦੀ ਸਖ਼ਤ ਮਨਾਹੀ ਸੀ। ਹਰਮੋਨੀਅਮ ਦੀ ਥਾਂ ਤੇ ਭਾਈ ਸਾਹਿਬ ਤਾਨਪੂਰਾ ਇਸਤੇਮਾਲ ਕਰਦੇ ਸਨ ਅਤੇ ਤਾਰ ਸ਼ਹਿਨਾਈ (ਦਿਲਰੁਬਾ) ਵਾਲੇ ਅਕਾਸ਼ਬਾਣੀ ਦਿੱਲੀ ਦੇ ਕਲਾਕਾਰ ਸਰਦਾਰ ਪਿਆਰਾ ਸਿੰਘ ਵੀ ਆਪ ਜੀ ਦੇ ਜਥੇ ਦੇ ਨਾਲ ਦਿਲਰੁਬਾ ਵਾਦਨ ਕਰਦੇ ਸਨ। ਸਰਦਾਰ ਪਿਆਰਾ ਸਿੰਘ ਭਾਈ ਸੰਤਾ ਸਿੰਘ ਜੀ ਦੇ ਨਾਲ ਵੀ ਦਿਲਰੁਬਾ ਸਾਜ਼ ਤੇ ਸੰਗਤੀ ਕਰਿਆ ਕਰਦੇ ਸਨ।

1957 ਵਿੱਚ ਆਕਾਸ਼ਬਾਣੀ ਤੇ ਹਰਮੋਨੀਅਮ ਵਜਾਉਣ ਦੀ ਖੁੱਲ੍ਹ ਹੋ ਗਈ। ਅਜਿਹਾ ਹੋਣ ਤੋਂ ਬਾਅਦ ਭਾਈ ਅਵਤਾਰ ਸਿੰਘ ਹੋਰਾਂ ਜੋ ਲੀਡ ਸਿੰਗਰ ਵੀ ਹਨ, ਨੇ ਹਰਮੋਨੀਅਮ ਵਜਾਉਣਾ ਸ਼ੁਰੂ ਕਰ ਦਿੱਤਾ। ਭਾਈ ਗੁਰਚਰਨ ਸਿੰਘ ਗਾਇਨ ਕਰਦੇ ਸਮੇਂ ਵਜਾਇਆ ਤਾਨ ਪੂਰਾ ਵਜਾਇਆ ਕਰਦੇ ਹਨ, ਭਾਈ ਸਵਰਨ ਸਿੰਘ ਤਬਲਾ ਵਜਾਉਂਦੇ ਹਨ ਅਤੇ ਪਿਆਰਾ ਸਿੰਘ ਕੇਵਲ ਦਿਲਰੁਬਾ ਵਜਾਉਂਦੇ ਸਨ।

1959 ਵਿੱਚ ਸਰਦਾਰ ਦਵਿੰਦਰ ਸਿੰਘ ਆਕਾਸ਼ਬਾਣੀ ਜਲੰਧਰ ਤੇ ਇੱਕ ਸਾਲ ਲਗਾ ਕੇ ਦਿੱਲੀ ਆ ਗਏ। ਉਹ ਪੰਜਾਬੀ ਪ੍ਰੋਗਰਾਮ ਦੇ ਸੰਚਾਲਨ ਨਿਯੁਕਤ ਹੋਏ। ਉਹਨਾਂ ਨੇ ਆਕਾਸ਼ਬਾਣੀ ਦਿੱਲੀ ਤੋਂ ਸ਼ਬਦ ਕੀਰਤਨ ਦਾ ਸਮਾਂ ਕਾਫ਼ੀ ਵਧਵਾਇਆ। ਉਹ ਰਿਕਾਰਡ ਵਜਾਉਣ ਦੀ ਬਜਾਏ ਅਕਾਸ਼ਬਾਣੀ ਆਪਣੇ ਸ਼ਬਦ ਕੀਰਤਨ ਦੇ ਪ੍ਰੋਗਰਾਮ ਰਿਕਾਰਡ ਕਰਨ ਵਿੱਚ ਵਧੇਰੇ ਦਿਲਚਸਪੀ ਰੱਖਦੇ ਸਨ। ਉਨ੍ਹਾਂ ਨੇ ਭਾਈ ਸੰਤਾ ਸਿੰਘ ਜੀ, ਭਾਈ ਸੁਰਜਣ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀਆਂ ਅਨੇਕਾਂ ਰਿਕਾਰਡਿੰਗਜ਼ ਕਰਵਾਈਆਂ। ਇਨ੍ਹਾਂ ਵਿੱਚੋਂ ਪਤਾ ਨਹੀਂ ਕਿੰਨੀਆਂ ਅਤੇ ਬਾਕੀ ਹਨ। ਸਰਦਾਰ ਦਵਿੰਦਰ ਸਿੰਘ ਹੋਰਾਂ ਦੇ ਸੇਵਾ ਮੁਕਤ ਹੋਣ ਦੇ ਸਮੇਂ ਤੱਕ ਇਹ ਸਭ ਰਿਕਾਰਡਿੰਗਜ਼ ਆਕਾਸ਼ਬਾਣੀ ਦਿੱਲੀ ਦੇ ਪੰਜਾਬੀ ਪ੍ਰੋਗਰਾਮ ਦਾ ਵਡਮੁੱਲਾ ਖ਼ਜਾਨਾ ਸਨ। ਅੱਜ ਕੱਲ੍ਹ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਘੱਟ ਹੀ ਆਕਾਸ਼ਬਾਣੀ ਤੇ ਜਾਂਦੇ ਹਨ। ਅਜੇ ਤੱਕ ਉਹ ਐਨੇ ਮਸਰੂਫ ਹਨ ਕਿ ਉਨ੍ਹਾਂ ਕੋਲੋਂ ਕੀਰਤਨ ਕਰਵਾਉਣ ਵਾਸਤੇ ਕਈ ਮਹੀਨੇ ਪਹਿਲਾਂ ਪ੍ਰੋਗਰਾਮ ਬਣਾਉਣਾ ਪੈਂਦਾ ਹੈ।

ਸੱਠਵਿਆਂ ਦੇ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾਕਟਰ ਤਾਰਨ ਸਿੰਘ ਜੀ ਨੇ ਪੁਰਾਤਨ ਕੀਰਤਨ ਕਲਾ ਦੀ ਸਾਂਭ ਵਾਸਤੇ ਇੱਕ ਅਜੀਬ

ਉਪਰਾਲਾ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਪੁਰਾਤਨ ਕੀਰਤਨ ਸ਼ੈਲੀਆਂ ਹੌਲੀ-ਹੌਲੀ ਇੱਕ-ਇੱਕ ਕਰਕੇ ਗਾਇਬ ਹੋ ਰਹੀਆਂ ਹਨ। ਪੁਰਾਤਨ ਵਿੱਦਿਆ ਦੇ ਅਨੇਕਾਂ ਮਾਹਿਰ ਕੀਰਤਨੀਏ ਹੌਲੀ-ਹੌਲੀ ਇਸ ਜਹਾਨ ਤੋਂ ਰੁਕਸਤ ਹੋ ਰਹੇ ਸਨ। ਉਨ੍ਹਾਂ ਦੇ ਇੰਤਕਾਲ ਦੇ ਨਾਲ ਹੀ ਉਨ੍ਹਾਂ ਦੀਆਂ ਕੀਰਤਨ ਸ਼ੈਲੀਆਂ ਵੀ ਖ਼ਤਮ ਹੁੰਦੀਆਂ ਜਾ ਰਹੀਆਂ ਸਨ। ਅਨੇਕਾਂ ਗੁਣੀ ਕੀਰਤਨੀਏ ਕੁਝ ਵੀ ਪਿੱਛੇ ਛੱਡੇ ਬਗੈਰ ਸਾਥੋਂ ਵਿੱਛੜ ਗਏ, ਸਮੇਂ ਦੇ ਘਟਨਾ ਚੱਕਰ ਦੇ ਦਸਤੂਰ ਮੁਤਾਬਿਕ ਹੋਰਨਾਂ ਨੇ ਵੀ ਆਪਣੀ ਆਪਣੀ ਵਾਰੀ ਸਿਰ ਗੁਜ਼ਰ ਜਾਣਾ ਹੈ, ਇਸ ਲਈ ਕਿਉਂ ਨਾ ਜੀਵਿਤ ਰਾਗੀਆਂ ਦੀ ਅਨਮੋਲ ਕਲਾ ਦੀ ਸਾਂਭ ਕਰ ਲਈ ਜਾਵੇ। ਉਨ੍ਹਾਂ ਦਾ ਖਿਆਲ ਬੜਾ ਨੇਕ ਸੀ। ਉਨ੍ਹਾਂ ਦੀ ਫ਼ਿਕਰ-ਓ-ਨਜ਼ਰ ਬੜੀ ਤੀਬਰ ਸੀ ਅਤੇ ਯੂਨੀਵਰਸਿਟੀ ਕੋਲ ਪਰਿਆਪਤ ਧੰਨ ਰਾਸ਼ੀ ਵੀ ਸੀ। ਇਸ ਤਰ੍ਹਾਂ ਕੀਰਤਨ ਕਲਾ ਦੀ ਸਾਂਭ ਦੀ ਕਿਰਿਆ ਨੇ ਜਨਮ ਲਿਆ। ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਵੱਲੋਂ ਇਸ ਤਰ੍ਹਾਂ ਦਾ ਇਹ ਪਹਿਲਾ ਕਾਰਜ ਸੀ।

ਭਾਈ ਸਮੁੰਦ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਜ਼ਖਮੀ ਜਹੇ ਪ੍ਰਤਿਭਾਸ਼ਾਲੀ ਰਾਗੀ ਸਿੰਘਾਂ ਦੀ ਕੀਰਤਨ ਕਲਾ ਦਾ ਸਾਂਭ ਦਾ ਪ੍ਰਾਰੰਭ ਹੋ ਚੁੱਕਿਆ ਸੀ। ਇੱਕ ਦਿਨ ਡਾਕਟਰ ਤਾਰਨ ਸਿੰਘ ਜੀ ਭਾਈ ਸਮੁੰਦ ਸਿੰਘ ਜੀ ਦੀ ਪੰਜਾਬੀ ਯੂਨੀਵਰਸਿਟੀ ਵਿੱਚ ਰਿਕਾਰਡਿੰਗ ਸਮੇਂ ਖੁਦ ਹਾਜ਼ਿਰ ਸਨ। ਭਾਈ ਸਮੁੰਦ ਸਿੰਘ ਜੀ ਨੇ ਡਾਕਟਰ ਸਾਹਿਬ ਨੂੰ ਸਵਾਲ ਕੀਤਾ ਕਿ ਇਸ ਸਾਂਭ ਸੰਭਾਲ ਪਿੱਛਾ ਮੁੱਦਾ ਮਕਸਦ ਕੀ ਏ। ਡਾਕਟਰ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਪੁਰਾਤਨ ਕੀਰਤਨ ਕਲਾ ਨੂੰ ਹਮੇਸ਼ਾਂ ਵਾਸਤੇ ਸਾਂਭਣਾ ਚਾਹੁੰਦੇ ਹਨ। ਉਹ ਕਲਾ ਜੋ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਚਲੀ ਆ ਰਹੀ ਹੈ ਉਸਦੀ ਸਾਂਭ ਕਰਨ ਦੇ ਉਹ ਇੱਛੁਕ ਹਨ। ਭਾਈ ਸਮੁੰਦ ਸਿੰਘ ਜੀ ਨੇ ਉੱਤਰ ਦਿੱਤਾ ਕਿ ਅਜਿਹੀ ਪੁਰਾਤਨ ਕਲਾ ਤਾਂ ਮਹਿਜ਼ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਕੋਲ ਹੀ ਬਚੀ ਹੈ, ਬਾਕੀ ਦੇ ਰਾਗੀ ਜਥੇ ਤਾਂ ਮੌਜੂਦਾ ਖ਼ਿਆਲੀ ਢੰਗ ਦੀ ਗਾਇਕੀ ਦੇ ਹੀ ਵਿਦਿਆਰਥੀ ਹਨ ਅਤੇ ਇਹ ਸ਼ੈਲੀ ਬਹੁਤੀ ਪੁਰਾਣੀ ਨਹੀਂ। ਇਹ ਗੱਲ ਡਾਕਟਰ ਤਾਰਨ ਸਿੰਘ ਹੋਰਾਂ ਦੇ ਦਿਮਾਗ ਵਿੱਚ ਘਰ ਕਰ ਗਈ। ਅਸਲੀਅਤ ਦਾ ਉਨ੍ਹਾਂ ਨੂੰ ਅਹਿਸਾਸ ਹੋ ਚੁੱਕਿਆ ਸੀ।

ਚੁਨਾਂਚੇ ਇੱਕ ਸੁਹਾਵਣੇ ਦਿਨ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ ਪੇਸ਼ਕਸ ਆਈ ਕਿ ਯੂਨੀਵਰਸਿਟੀ ਉਨ੍ਹਾਂ ਦੀ ਦੁਰਲੱਭ ਕੀਤਰਨ ਸ਼ੈਲੀ ਦੀ ਸਾਂਭ ਕਰਨ ਵਾਸਤੇ ਉਤਸੁਕ ਹੈ। ਮਾਇਕ ਪੱਖੋਂ ਇਹ ਕੋਈ ਐਨੀ ਆਕਰਸ਼ਕ ਪੇਸ਼ਕਸ਼ ਨਹੀਂ ਪਰ ਹਰ ਚੀਜ਼ ਮਾਇਆ ਦੇ ਤਰਾਜ਼ੂ ਵਿੱਚ ਹੀ ਨਹੀਂ ਤੋਲੀ ਜਾਂਦੀ। ਵਿਰਸੇ ਦੀ ਸੰਭਾਲ ਕਰਦਿਆਂ ਮਾਇਕ ਝੰਜਟਾਂ ਵਿੱਚ ਨਹੀਂ ਪਿਆ ਜਾਂਦਾ।

ਭਾਈ ਸਾਹਿਬ ਯੂਨੀਵਰਸਿਟੀ ਦੀ ਬੇਨਤੀ ਮੰਨਕੇ ਪਟਿਆਲੇ ਆਣ ਪਧਾਰੇ। ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇੱਕ ਸਸਤਾ ਜਿਹਾ ਛੋਟੇ ਸਪੂਲ ਵਾਲਾ ਟੇਪ ਰਿਕਾਰਡਰ ਦੇ ਦਿੱਤਾ। ਭਾਈ ਸਾਹਿਬ ਟੇਪ ਰਿਕਾਰਡਰ ਖੁਦ ਹੀ ਔਨ ਕਰਕੇ ਇੱਕ ਗੀਤ ਰਿਕਾਰਡ ਕਰ ਲੈਂਦੇ ਸਨ, ਫੇਰ ਕੁਝ ਆਰਾਮ ਕਰਦੇ ਸਨ। ਧਰੁਪਦਾਂ ਅਤੇ ਪੜਤਾਲਾਂ ਦੀ ਰਿਕਾਰਡਿੰਗ ਕਰਨੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇੱਕ ਗੀਤ ਗਾਇਨ ਕਰਦਿਆਂ ਸਾਰਾ ਜ਼ੋਰ ਲੱਗ ਜਾਂਦਾ ਹੈ। ਥੋਹੜੀ ਥੋਹੜੀ ਦੇਰ ਆਰਾਮ ਕਰਕੇ ਭਾਈ ਸਾਹਿਬ ਦਿਨ ਭਰ ਇਹ ਰਿਕਾਰਡਿੰਗ ਕਰਦੇ ਰਹਿੰਦੇ। ਇਸ ਰਿਕਾਰਡਿੰਗ ਸਮੇਂ ਦਿਨ ਅਤੇ ਰਾਤ ਦਾ ਵੀ ਕੋਈ ਇਮਤਿਆਜ਼ ਨਹੀਂ ਕੀਤਾ। ਦੋ ਮਹੀਨਿਆਂ ਵਿੱਚ ਵੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਨੇ ਆਪਣੀਆਂ ਤਮਾਮ 500 ਸ਼ਬਦ ਗੀਤਾਂ ਰਿਕਾਰਡ ਕਰਵਾ ਲਈਆਂ। ਰਿਕਾਰਡਿੰਗ ਦਾ ਪੱਧਰ ਕੋਈ ਬਹੁਤਾ ਉੱਚਾ ਨਹੀਂ ਸੀ। ਕਾਰਨ ਇਹ ਹੈ ਕਿ ਇੱਕ ਹੀ ਮਾਈਕਰੋਫੋਨ ਦੀ ਮਦਦ ਨਾਲ ਇਹ ਸਾਰੀ ਦੀ ਸਾਰੀ ਰਿਕਾਰਡਿੰਗ ਕੀਤੀ ਗਈ ਸੀ। ਟੇਪ ਰਿਕਾਰਡਰ ਮੋਨੋ ਸੀ, ਇਸ ਲਈ ਰਿਕਾਰਡਿੰਗ ਵੀ ਮੋਨੋ ਹੀ ਹੈ।

ਸੱਠਵਿਆਂ ਵਿੱਚ ਭਾਈ ਸੰਤਾ ਸਿੰਘ ਜੀ ਦੇ ਇੰਤਕਾਲ ਫਰਮਾ ਜਾਣ ਤੋਂ ਬਾਅਦ ਸਾਰੇ ਹੀ ਸਿੱਖ ਜਗਤ ਤੇ ਕੀਰਤਨ ਕਲਾ ਦੀ ਕਦਰ ਘਟਣੀ ਸ਼ੁਰੂ ਹੋ ਗਈ। ਭਾਈ ਸੁਰਜਣ ਸਿੰਘ ਜੀ ਕਿਸੇ ਵਕਤ ਭਾਈ ਸੰਤਾ ਸਿੰਘ ਜੀ ਦੇ ਸ਼ਾਗਿਰਦ ਅਤੇ ਸਾਥੀ ਹੋਇਆ ਕਰਦੇ ਸਨ। ਆਪਣਾ ਜਥਾ ਅਲੱਗ ਬਣਾ ਕੇ ਭਾਈ ਸੁਰਜਣ ਸਿੰਘ ਜੀ ਨੇ ਆਪਣੀ ਕੀਰਤਨ ਸ਼ੈਲੀ ਵੀ ਸਿੱਧੀਆਂ ਸਿੱਧੀਆਂ ਧਾਰਨਾਵਾਂ ਵਾਲੀ ਕਰ ਲਈ। ਇਸ ਨਵੀਂ ਨਕੋਰ ਸ਼ੈਲੀ ਕਾਰਨ ਭਾਈ ਸੁਰਜਣ ਸਿੰਘ ਜੀ ਨੇ ਬੜਾ ਨਾਮਣਾ ਕਮਾਇਆ ਅਤੇ ਦੂਰ ਦੂਰ ਤੱਕ ਉਨ੍ਹਾਂ ਦੀ ਮਸ਼ਹੂਰੀ ਫੈਲ ਗਈ। ਪਰ ਭਾਈ ਸੰਤਾ ਸਿੰਘ ਜੀ

ਸਵਰਗਵਾਸ ਹੋਣ ਤੱਕ ਜਿਬਰਾਲਟਰ ਦੀ ਚਟਾਨ ਵਾਂਗੂੰ ਆਪਣੀ ਪੁਰਾਤਨ ਤਰਜ਼ ਦੀ ਸ਼ੈਲੀ ਤੇ ਡਟੇ ਰਹੇ। ਉਨ੍ਹਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਦ ਉਨ੍ਹਾਂ ਦਾ ਝੰਡਾ ਹੁਣ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੇ ਹੱਥ ਵਿੱਚ ਪੂਰੀ ਤਰ੍ਹਾਂ ਮਹਿਫ਼ੂਜ ਹੈ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀ ਇਹ ਸਿਫ਼ਤ ਹੈ ਕਿ ਉਹਨਾਂ ਨੇ ਪੁਰਾਤਨ ਗੁਰਮਤਿ ਸੰਗੀਤ ਦਾ ਦਾਮਨ ਅਜੇ ਤਾਈ ਨਹੀਂ ਛੱਡਿਆ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਨੇ ਉਸ ਹਰ ਦੇਸ ਦਾ ਭਰਮਣ ਕੀਤਾ ਹੈ ਜਿੱਥੇ ਗੁਰੂ ਦੇ ਨਾਮ ਲੇਵਾ ਸਿੱਖ ਮੌਜੂਦ ਹਨ। ਵਧੇਰੇ ਕਰਕੇ ਉਹ ਬਰਤਾਨੀਆਂ, ਕੈਨੇਡਾ ਅਤੇ ਅਮਰੀਕਾ ਦਾ ਹੀ ਭਰਮਣ ਕਰਦੇ ਹਨ। ਉਹ ਤਕਰੀਬਨ ਛੇ ਮਹੀਨੇ ਦਿੱਲੀ ਰਹਿੰਦੇ ਹਨ ਅਤੇ ਛੇ ਮਹੀਨੇ ਵਿਦੇਸ਼ਾਂ ਵਿੱਚ ਕੀਰਤਨ ਦੀ ਸੇਵਾ ਕਰਦੇ ਹਨ। ਦਿੱਲੀ ਵਿੱਚ ਰਹਿੰਦੇ ਸਮੇਂ ਉਹ ਪੰਜਾਬ ਵਿੱਚ ਵੀ ਕੀਰਤਨ ਦੀ ਸੇਵਾ ਕਰਦੇ ਹਨ। ਦਿੱਲੀ ਵਿੱਚ ਰਹਿੰਦੇ ਸਮੇਂ ਉਹ ਪੰਜਾਬ ਵਿੱਚ ਵੀ ਕੀਰਤਨ ਦੀ ਸੇਵਾ ਨਿਭਾ ਆਉਂਦੇ ਹਨ। ਕੀਰਤਨ ਕਲਾ ਦੇ ਪ੍ਰੇਮੀ ਭਾਈ ਸਾਹਿਬ ਦਾ ਬੜਾ ਆਦਰ ਮਾਣ ਕਰਦੇ ਹਨ।

1989 ਵਿੱਚ ਜਦੋਂ ਉਹ ਚੌਥੀ ਵਾਰੀ ਅਮਰੀਕਾ ਆਏ ਸਨ ਉਸ ਸਮੇਂ ਗੁਰਦੁਆਰਾ ਬ੍ਰਿੱਜਵਾਟਰ, ਸਮਰਸੈੱਟ ਕਾਊਂਟੀ, ਨਿਊਜਰਸੀ ਦੀ ਸੰਗਤ ਦੇ ਸਹਿਯੋਗ ਨਾਲ ਭਾਈ ਸਾਹਿਬ ਦੇ ਰਾਗੀ ਜਥੇ ਕੋਲੋਂ ਉਚੇਚੇ-ਤੌਰ ਤੇ ਸ਼ਬਦ ਗਾਇਨ ਪੁਰਾਤਨ ਰੀਤਾਂ ਵਿੱਚ ਕਰਵਾਇਆ ਗਿਆ। ਨਾਕਾਮੀਚੀ ਜਪਾਨ ਦਵਾਰਾ ਨਿਰਮਾਣਤ ਪਰੋਫੈਸ਼ਨਲ ਰਿਕਾਰਡਿੰਗ ਸਿਸਟਮ ਤੇ ਸਟੀਰੀਓ ਵਿੱਚ ਉਨ੍ਹਾਂ ਦੀ ਰਿਕਾਰਡਿੰਗ ਅਨਜਾਮ ਦਿੱਤੀ ਗਈ ਸੀ। ਕੁੱਲ 11 ਟੇਪਸ ਬਣਾਈਆਂ ਗਈਆਂ ਸਨ। ਰੀਤਾਂ ਦੀ ਸੰਖਿਆ 100 ਦੇ ਕਰੀਬ ਬਣਦੀ ਹੈ। ਇਹ ਰਿਕਾਰਡਿੰਗ ਪੰਜਾਬੀ ਯੂਨੀਵਰਸਿਟੀ ਦੀ ਰਿਕਾਰਡਿੰਗ ਨਾਲੋਂ ਬਹੁਤ ਬੇਹਤਰ ਹੈ। ਇਸੇ ਹੀ ਤਰ੍ਹਾਂ, ਉਚੇਚੇ ਤੌਰ ਤੇ ਤਾਂ ਨਹੀਂ, ਗੁਰਦੁਆਰਾ ਬ੍ਰਿਜਵਾਟਰ ਵਿਖੇ ਆਮ ਕੀਰਤਨ ਸਭਾਵਾਂ ਦੇ ਦੌਰਾਨ ਕੁਝ ਹੋਰ ਵੀ ਰੀਤਾਂ। 1992 ਵਿੱਚ ਰਿਕਾਰਡ ਕੀਤੀਆਂ ਗਈਆਂ ਸਨ। ਇਹ ਵੀ ਉੱਚ ਪੱਧਰੀ ਸਟੀਰੀਓ ਸਿਸਟਮ ਤੇ ਰਿਕਾਰਡਡ ਹਨ। ਇਸ ਤਰ੍ਹਾਂ ਭਾਈ ਸਾਹਿਬ ਦੀ ਨਿਵੇਕਲੀ ਕੀਰਤਨ ਸ਼ੈਲੀ ਦੀ ਸੰਭਾਲ ਵਿੱਚ ਅਮਰੀਕਾ ਨੇ ਵੀ ਆਪਣੀ ਵਿਤ ਅਨੁਸਾਰ ਯੋਗਦਾਨ ਪਾਇਆ ਹੈ।

1994 ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨਸੂਬਾ ਬਣਾਇਆ ਸੀ ਕਿ ਭਾਈ ਸਾਹਿਬ ਦੀਆਂ ਅਨਮੋਲ ਰੀਤਾਂ ਦੀ ਮੁੜਕੇ ਰਿਕਾਰਡਿੰਗ ਕੀਤੀ ਜਾਵੇ ਜੋ ਸਟੀਰੀਓ ਰੂਪ ਵਿੱਚ ਹੋਵੇ ਅਤੇ ਜਿਸ ਵਿੱਚ ਪੁਰਾਤਨ ਭਾਰਤੀ ਤੰਤੀ ਸਾਜ਼ ਵਜਾਏ ਜਾਣ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭੂਤਪੂਰਵਕ ਮੀਤ ਪ੍ਰਧਾਨ ਅਤੇ ਮੌਜੂਦਾ ਜਨਰਲ ਸਕੱਤਰ ਡਾਕਟਰ ਜਸਪਾਲ ਸਿੰਘ ਜੇਹੀ ਜ਼ਹੀਨ ਸ਼ਖਸੀਅਤ ਨੂੰ ਇਹ ਮਨਸੂਬਾ ਨੇਪਰੇ ਚੜ੍ਹਾਉਣ ਦੀ ਸੇਵਾ ਦਿੱਤੀ ਗਈ ਸੀ। ਇਸ ਲੇਖਕ ਨਾਲ ਇੱਕ ਵਿਚਾਰ ਵਟਾਂਦਰੇ ਸਮੇਂ ਆਕਾਸ਼ਬਾਣੀ ਦਿੱਲੀ ਦੇ ਪੰਜਾਬੀ ਪ੍ਰੋਗਰਾਮਾਂ ਦੇ ਭੂਤਪੂਰਵਕ ਸੰਚਾਲਕ ਸਰਦਾਰ ਦਵਿੰਦਰ ਸਿੰਘ ਜੀ ਨੇ ਮਸ਼ਵਰਾ ਦਿੱਤਾ ਸੀ ਕਿ ਅਜਿਹੀ ਰਿਕਾਰਡਿੰਗ ਨੂੰ ਤਕਨੀਕੀ ਪੱਖ ਤੋਂ ਉਚੇਰੀ ਬਣਾਉਣ ਵਾਸਤੇ ਸਰਦਾਰ ਮੁਹਿੰਦਰ ਸਿੰਘ ਸਰਨਾ (ਫ਼ਿਲਮੀ ਨਾਉਂ ਐਸ ਮੁਹਿੰਦਰ) ਜਿਹੇ ਮਹਾਨ ਸੰਗੀਤ ਨਿਰਦੇਸ਼ਕ ਦੀ ਸੇਵਾ ਵੀ ਜ਼ਰੂਰ ਲੈਣੀ ਚਾਹੀਦੀ ਹੈ। ਇਹ ਮਨਸੂਬਾ ਜਿੱਥੇ ਕੱਲ, ਖੜਾ ਸੀ ਉੱਥੇ ਹੀ ਅੱਜ ਵੀ ਖੜ੍ਹਾ ਹੈ। ਸ਼ਾਇਦ ਇਸਨੂੰ ਹੁਣ ਪਹੀਏ ਲੱਗ ਜਾਣ। ਇਸ ਲਈ ਕਿ ਐਸ ਵਕਤ ਡਾਕਟਰ ਜਸਪਾਲ ਸਿੰਘ ਹੋਰਾਂ ਕੋਲ ਪਹਿਲਾਂ ਨਾਲੋਂ ਵੱਧ ਅਖਤਿਆਰ ਹਨ। ਜੁਲਾਈ 1995 ਵਿੱਚ ਹੋਈ ਚੋਣ ਨੇ ਉਹਨਾਂ ਦੀ ਮਕਬੂਲੀਅਤ ਵਿੱਚ ਚੋਖਾ ਇਜ਼ਾਫ਼ਾ ਕੀਤਾ ਹੈ।

1994 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸੰਗੀਤ ਦਾ ਇੱਕ ਵਿਸ਼ੇਸ਼ ਸਿਲੇਬਸ ਬਣਾਇਆ ਸੀ। ਇਸ ਸਿਲੇਬਸ ਵਿੱਚ ਗੁਰਮਤਿ ਸੰਗੀਤ ਹੀ ਪ੍ਰਧਾਨ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸਿਲੇਬਸ ਦੀ ਰਚਈਤਾ ਡਾਕਟਰ ਗੁਰਨਾਮ ਸਿੰਘ ਆਪਣੀ ਪੁਰਾਣੀ ਯੂਨੀਵਰਸਿਟੀ ਵਿਖੇ ਤਰੱਕੀ ਪਾ ਕੇ ਪਟਿਆਲੇ ਚਲੇ ਗਏ। ਹੁਣ ਕੋਈ ਅਜਿਹਾ ਪ੍ਰਾਧਿਆਪਕ ਅੰਮ੍ਰਿਤਸਰ ਵਿੱਚ ਮੌਜੂਦ ਨਹੀਂ ਹੈ ਜੋ ਉਸ ਸਿਲੇਬਸ ਦੇ ਮੁਤਾਬਿਕ ਪੜ੍ਹਾਈ ਦੀ ਰੂਪ ਰੇਖਾ ਨੂੰ ਅਮਲੀ ਜਾਮਾ ਪਹਿਨਾ ਸਕੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਜੇ ਜ਼ਰਾ ਕੁ ਜੁਗਤ ਦਾ ਸਬੂਤ ਦੇਣ ਤਾਂ ਉਹ ਭਾਈ ਗੁਰਚਰਨ ਸਿੰਘ ਜੀ ਜਿਹੇ ਜ਼ਹੀਨ ਕੀਰਤਨੀਏ ਨੂੰ ਇਸ ਸੇਵਾ ਵਾਸਤੇ ਇਨਸਟਰੱਕਟਰ ਜਾਂ ਵਿਸ਼ੇਸ਼ ਦਰਜੇ ਦੇ ਪ੍ਰਾਧਿਆਪਕ ਦਾ ਰੁਤਬਾ ਦੇ ਕੇ ਇਸ ਸਿਲੇਬਸ ਦੀ ਪਾਲਣਾ ਅਜੇ ਵੀ ਕਰਵਾ ਸਕਦੇ ਹਨ। ਇੱਕ ਹੋਰ ਮਹਾਨ ਰਾਗੀ (ਪਹਿਲਾਂ ਤਰਨਤਾਰਨ ਦੇ ਹਜ਼ੂਰੀ ਰਾਗੀ) ਅੱਜ ਕੱਲ੍ਹ, ਗੁਮਨਾਮੀ

ਵਿੱਚ ਕਦੀ ਜਵੱਦੀ ਤੇ ਕਦੀ ਅੰਮ੍ਰਿਤਸਰ ਰਹਿ ਰਹੇ ਹਨ। ਦਿਮਾਗ ਉਨ੍ਹਾਂ ਦਾ ਵੀ ਗੀਤਾਂ ਨਾਲ ਭਰਿਆ ਪਿਆ ਹੈ। ਵਜਦ ਵਿੱਚ ਆ ਜਾਣ, ਤਾਂ ਉਹ ਵੀ ਬੜੀਆਂ ਬਿਖੜੀਆਂ ਗੁਰਮਤਿ ਗੀਤਾਂ ਸਿਖਾ ਸਕਦੇ ਹਨ।

ਜੋ ਗੀਤਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਕੋਲੋਂ ਉਚੇਚੇ ਤੌਰ ਤੇ ਗਾਇਨ ਕਰਵਾ ਕੇ ਗੁਰਦੁਆਰਾ ਬ੍ਰਿਜਵਾਟਰ, ਨਿਊਜਰਸੀ, ਅਮਰੀਕਾ ਨੇ ਹੁਣ ਤਾਈਂ ਮਹਿਫੂਜ਼ ਕੀਤੀਆਂ ਹਨ, ਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਉਨ੍ਹਾਂ ਦੀ ਲੋੜ ਹੋਵੇ ਤਾਂ ਉਹਨਾਂ ਨੂੰ ਇਹ ਗੀਤਾਂ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ। ਪਰ ਰਿਕਾਰਡਿੰਗਜ਼ ਕਿਸੇ ਦੇ ਕੋਲ ਬੈਠ ਕੇ ਉਸਨੂੰ ਸੰਗੀਤ ਦੀਆਂ ਬਾਰੀਕੀਆਂ ਨਹੀਂ ਸਮਝਾ ਸਕਦੀਆਂ। ਅਜਿਹੇ ਕਾਰਜ ਤਾਂ ਇੱਕ ਜ਼ਿੰਦਾ ਪਾਇੰਦਾ ਇਨਸਾਨ ਹੀ ਕਰ ਸਕਦਾ ਹੈ। ਅਜੇ ਭਾਈ ਗੁਰਚਰਨ ਸਿੰਘ ਆਪਣੀ ਵੱਡੀ ਉਮਰ ਦੇ ਬਾਵਜੂਦ, ਬੜਾ ਕੁਝ ਸਿਖਾ ਸਕਦੇ ਹਨ। ਸਾਨੂੰ ਆਸ ਏ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਸੁਝਾਓ ਤੇ ਧਿਆਨ ਦੇਵੇਗੀ। ਜ਼ਿੰਦਗੀ ਭਰ ਦਾ ਤਜਰਬਾ ਵੀ ਆਪਣੇ ਆਪ ਵਿੱਚ ਇੱਕ ਵੱਡੀ ਵਿੱਦਿਆ ਹੈ।

ਐਸ ਮੁਹਿੰਦਰ ਜੀ ਅੱਜ ਕਲ੍ਹ ਅਮਰੀਕਾ ਦੀ ਰਿਆਸਤ ਵਰਜੀਨੀਆ ਵਿੱਚ ਗੁਮਨਾਮੀ ਦੇ ਆਲਮ ਵਿੱਚ ਰਹਿ ਰਹੇ ਹਨ। ਦਿਮਾਗ ਉਨ੍ਹਾਂ ਦਾ ਅੱਜ ਵੀ ਉਨ੍ਹਾਂ ਹੀ ਤਿੱਖਾ ਹੈ ਜਿੰਨਾ ਜਵਾਨੀ ਸਮੇਂ ਸੀ। ਕਦੀ ਕਦੀ ਇੱਕ ਅੱਧ ਟੇਪ ਸੰਗੀਤ ਬੱਧ, ਕਰਨ ਹਿਤ ਉਹ ਭਾਰਤ ਜਾਂਦੇ ਰਹਿੰਦੇ ਹਨ। ਜੋ ਕੁਝ ਉਹ ਅਜੇ ਵੀ ਰਚਦੇ ਹਨ ਉਹ ਲਾਜਵਾਬ ਹੁੰਦਾ ਹੈ। ਇਸ ਲੇਖਕ ਨੇ ਉਨ੍ਹਾਂ ਨਾਲ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀ ਕੀਰਤਨ ਸ਼ੈਲੀ ਦੀ ਨਵੇਂ ਸਿਰਿਓਂ ਤੰਤੀ ਸਾਜ਼ਾਂ ਨਾਲ ਰਿਕਾਰਡਿੰਗ ਕਰਨ ਦੇ ਮਨਸੂਬੇ ਦੀ ਚਰਚਾ ਕੀਤੀ ਸੀ। ਅੱਜ ਕਲ੍ਹ ਉਹਨਾਂ ਨੂੰ ਬਹੁਤਾ ਲਾਲਚ ਨਹੀਂ। ਉਹ ਇਸ ਰਿਕਾਰਡਿੰਗ ਵਾਸਤੇ ਸੰਗੀਤ ਨਿਰਦੇਸ਼ਕੀ ਕਰਨ ਨੂੰ ਤਿਆਰ ਹਨ। ਪਰ ਪਰਬੰਧਕਾਂ ਨੂੰ ਉਨ੍ਹਾਂ ਦੇ ਰਹਿਣ ਦਾ ਵਿਸ਼ੇਸ਼ ਪਰਬੰਧ ਕਰਨਾ ਚਾਹੀਦਾ ਹੈ। ਐਸ ਮੁਹਿੰਦਰ ਰਾਸ਼ਟਰਪਤੀ ਦਾ ਸਰਬ ਭਾਰਤੀ ਸੰਗੀਤ ਸਨਮਾਨ ਆਪਣੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਵਾਸਤੇ ਪ੍ਰਾਪਤ ਕਰ ਚੁੱਕੇ ਹਨ। ਇਹ ਸਨਮਾਨ ਕਈ ਪੀ ਐਚ ਡੀਜ਼ ਤੋਂ ਵੱਧ ਅਹਿਮ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸੰਗੀਤ ਦੇ ਪ੍ਰੈਕਟੀਕਲ ਦਾ ਧਿਆਨ ਦੀ ਸੇਵਾ ਐਸ ਮੁਹਿੰਦਰ ਵੀ ਕਰ ਸਕਦੇ ਹਨ।

ਪੱਛਮੀ ਕਲਾਸੀਕੀ ਸੰਗੀਤ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਰਾ ਸੰਗੀਤ ਲਿਖਤ ਰੂਪ ਵਿੱਚ ਮਹਿਫੂਜ਼ ਹੈ। ਤਵੀਲ ਅਰਸੇ ਤੇ ਇਹ ਨੋਟੇਸ਼ਨਾਂ ਦੇ ਰੂਪ ਵਿੱਚ ਸਾਂਭਿਆ ਜਾ ਚੁੱਕਿਆ ਹੈ। ਅੱਜ ਦੇ ਯੁੱਗ ਵਿੱਚ ਭਾਵੇਂ ਬੀਥੋਵਨ, ਮੋਤਜ਼ਾਰਤ, ਚਾਇਕੋਵਸਕੀ ਅਤੇ ਬਾਖ਼ ਜਹੇ ਮਹਾਨ ਕਲਾਸੀਕੀ ਉਸਤਾਦ ਸਾਡੇ ਦਰਮਿਆਨ ਨਹੀਂ ਹਨ ਪਰ ਉਨ੍ਹਾਂ ਦੇ ਮਰਨ ਤੋਂ ਸੈਂਕੜੇ ਸਾਲ ਬਾਅਦ ਵੀ ਜਦ ਤੱਕ ਦੁਨੀਆਂ ਵਿੱਚ ਫਿਲਹਾਰਮੋਨਿਕ ਔਰਕੈਸਟਰਾਜ਼ ਮੌਜੂਦ ਹਨ ਉਨ੍ਹਾਂ ਦਾ ਸੰਗੀਤ ਮਰੇਗਾ ਨਹੀਂ। ਨੋਟੇਸ਼ਨਾਂ ਪੜ੍ਹ ਕੇ ਸਾਧਾਰਨ ਤੋਂ ਸਾਧਾਰਨ ਵਾਦਕ ਕਲਾਕਾਰ ਵੀ ਜ਼ਿੰਦਗੀ ਦੀ ਕਾਪੀ ਕਰ ਸਕਦਾ ਹੈ। ਭਾਰਤੀ ਸੰਗੀਤ ਵਿੱਚ ਅਜਿਹਾ ਨਹੀਂ। ਭਾਰਤੀ ਸ਼ਾਸਤਰੀਆ ਸੰਗੀਤ ਸੈਂਕੜੇ ਨਹੀਂ ਬਲਕੇ ਹਜ਼ਾਰਾਂ ਸਾਲ ਪੁਰਾਣਾ ਸੰਗੀਤ ਹੈ। ਐਸ ਸਦੀ ਤੋਂ ਪਹਿਲਾਂ ਇਸਦੀਆਂ ਨੋਟੇਸ਼ਨਾਂ ਨਹੀਂ ਸਨ ਹੁੰਦੀਆਂ। ਇਹ ਸੰਗੀਤ ਪਿਤਾ ਤੋਂ ਪੁੱਤਰ ਅਤੇ ਪੁੱਤਰ ਤੇ ਪੋਤਰੇ ਨੂੰ ਮੂੰਹ ਜ਼ਬਾਨੀ ਹੀ ਕੰਠ ਕਰਵਾਇਆ ਜਾਂਦਾ ਸੀ। ਜਾਂ ਇੰਜ ਸਮਝ ਲਵੋ ਕਿ ਉਸਤਾਦ ਤੋਂ ਸ਼ਾਗਿਰਦ ਤਾਈਂ ਸੰਗੀਤ ਜਿਸ ਤਰ੍ਹਾਂ ਸਿਖਾਇਆ ਜਾਂਦਾ ਸੀ, ਸ਼ਾਗਿਰਦ ਉਸੇ ਰੂਪ ਵਿੱਚ ਹੀ ਉਸਨੂੰ ਆਪਣੇ ਸ਼ਾਗਿਰਦ ਨੂੰ ਸਿਖਾਉਂਦਾ ਸੀ। ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਸੰਗੀਤ ਆਪਣੇ ਸ਼ੁੱਧ ਰੂਪ ਵਿੱਚ ਹੀ ਚਲਦਾ ਗਿਆ। ਇੰਜ ਵੀ ਸੋਚਣਾ ਗਲਤ ਹੋਵੇਗਾ ਕਿ ਹਜ਼ਾਰਾਂ ਸਾਲਾਂ ਤੋਂ ਇਹ ਸੰਗੀਤ ਬਿਨਾ ਤਬਦੀਲੀ ਦੇ ਹੀ ਬਰਕਰਾਰ ਰਿਹਾ। ਜਦ ਵੀ ਕਦੀ ਉਸਤਾਦ ਨੇ ਕਿਸੇ ਚੰਗੇ ਜਾਂ ਮਾੜੇ ਕਾਰਨ ਆਪਣੇ ਪੂਰਵਜ ਦੀ ਵਿੱਦਿਆ ਨੂੰ ਜ਼ਰਾ ਵੀ ਅੰਤਰ ਨਾਲ ਆਪਣੇ ਸ਼ਾਗਿਰਦ ਤਾਈਂ ਪਹੁੰਚਾਇਆ ਅਗਲੀ ਪੀੜ੍ਹੀ ਵਾਸਤੇ ਇਹ ਅੰਤਰ ਪੱਥਰ ਤੇ ਲਕੀਰ ਬਣ ਗਿਆ। ਇਸ ਤਰ੍ਹਾਂ ਥੋਹੜਾ ਬਹੁਤ ਅੰਤਰ ਜ਼ਰੂਰ ਪੈਂਦਾ ਰਿਹਾ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜਾਣ ਬੁੱਝ ਕੇ ਪਾਏ ਜਾਂਦੇ ਪੁਰਾਤਨ ਵਿੱਦਿਆ ਵਿੱਚ ਅੰਤਰ ਦੇ ਖਿਲਾਫ਼ ਹਨ। ਉਹ ਸੰਗੀਤ ਨੂੰ ਆਪਣੇ ਪੁਰਾਣੇ ਰੂਪ ਵਿੱਚ ਹੀ ਸਿੱਖਣ ਅਤੇ ਗਾਉਣ ਦੀ ਵਿਚਾਰਧਾਰਾ ਦੇ ਮਾਲਕ ਹਨ।

ਭਾਰਤ ਵਿੱਚ ਜਦੋਂ ਤੋਂ ਧਰੁਪਦ ਅਤੇ ਧਮਾਰ ਸ਼ੈਲੀ ਗਾਇਬ ਹੋਣੀ ਸ਼ੁਰੂ ਹੋਈ ਹੈ ਅਤੇ ਖ਼ਿਆਲੀ ਢੰਗ ਦੀ ਗਾਇਕੀ ਪ੍ਰਚਲਤ ਹੋਈ ਹੈ, ਉਦੋਂ ਤੋਂ ਹੀ ਭਾਰਤੀ ਕਲਾਸੀਕੀ ਸੰਗੀਤ ਵਿੱਚ ਤੇਜ਼ੀ ਨਾਲ ਪਰਿਵਰਤਨ ਆਉਣ ਦੀ ਪਰਕਿਰਿਆ ਰੂਹਨੁਮਾ ਹੋਈ ਹੈ। ਇਹ ਗੱਲ

ਚੰਗੀ ਵੀ ਹੈ ਤੇ ਬੁਰੀ ਵੀ। ਆਧੁਨਿਕ ਸੰਗੀਤਕਾਰਾਂ ਵਾਸਤੇ ਇਹ ਵਰਦਾਨ ਸਿੱਧ ਹੋਈ ਹੈ, ਪਰ ਪੁਰਾਤਨ ਵਿੱਦਿਆ ਦੀ ਮੂਲ ਰੂਪ ਵਿੱਚ ਸਾਂਭ ਵਾਸਤੇ ਇਹ ਨੁਕਸਾਨ ਦੇਹ ਸਿੱਧ ਹੋਈ ਹੈ।

ਖ਼ਿਆਲ ਗਾਉਣ ਵਾਲਾ ਕਲਾਕਾਰ ਅਲਾਪ ਤੋਂ ਸ਼ੁਰੂ ਹੁੰਦਾ ਹੈ। ਅਲਾਪ ਸੰਖੇਪ ਜਿਹਾ ਵੀ ਸੰਭਵ ਹੈ ਅਤੇ ਲੰਬਾ ਚੌੜਾ ਵੀ। ਗਾਇਕ ਕਲਾਕਾਰ ਵਿੱਚ ਦਮ ਅਤੇ ਰਿਆਜ਼ ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਅਲਾਪ ਕਰ ਸਕਦਾ ਹੈ। ਕਈ ਅਲਾਪ ਦੇ ਨਾਲ ਜੋੜਾ ਅਲਾਪ ਵੀ ਕਰਦੇ ਹਨ। ਵਿਲੰਬਿਤ ਅਤੇ ਧਰੁੱਤ ਲੈਆਂ ਇੱਕ ਹੀ ਤਾਲ ਵਿੱਚ ਵੀ ਗਾਈਆਂ ਜਾ ਸਕਦੀਆਂ ਅਤੇ ਮੁਖ਼ਤਲਿਖ ਤਾਲਾ ਵਿੱਚ ਵੀ। ਕਈ ਖ਼ਿਆਲ ਗਾਇਕ ਇਨ੍ਹਾਂ ਦੋਹਾਂ ਲੈਆਂ ਦੇ ਵਿਚਕਾਰ ਇੱਕ ਮੱਧ ਲੈਅ ਵੀ ਸ਼ਾਮਿਲ ਕਰ ਲੈਂਦੇ ਹਨ। ਧਰੁੱਤ ਲੈਅ ਵਿੱਚ ਵੀ ਕਈ ਕਲਾਕਾਰ ਘੱਟ ਵਕਤ ਲੈਂਦੇ ਹਨ ਅਤੇ ਕਈ ਵੱਧ। ਗੱਲ ਕੀ ਖਿਆਲ ਗਾਉਂਦੇ ਸਮੇਂ ਸੰਗੀਤਕਾਰ ਖੇਡਾਂ ਖੇਡ ਸਕਦਾ ਹੈ। ਇੱਕ ਹੀ ਖ਼ਿਆਲ ਦਸ ਮਿੰਟ ਵਿੱਚ ਵੀ ਗਾਇਆ ਜਾ ਸਕਦਾ ਹੈ ਅਤੇ ਅੱਧੇ ਘੰਟੇ ਵਿੱਚ ਵੀ। ਇਸ ਵਿੱਚ ਪਰੰਪਰਾ ਜਿਹੀ ਕੋਈ ਗੱਲ ਨਹੀਂ ਰਹੀ। ਗਜ਼ਲ ਗਾਇਕ ਅਤੇ ਠੁਮਰੀਆਂ ਦਾਦਰਿਆਂ ਵਾਲੇ ਤਾਂ ਕਈ ਕਈ ਰਾਗ ਮਿਲਾ ਕੇ ਅਲਾਪ ਕਰਦੇ ਹਨ। ਅਜਿਹੇ ਕਲਾਕਾਰ ਕਾਲਸੀਕੀ ਸੰਗੀਤ ਨੂੰ ਮੁਖਤਲਿਫ ਮੋੜ ਦੇਈ ਜਾਂਦੇ ਹਨ। ਇਹ ਸਾਰਾ ਕੁਝ ਅੱਜ ਦੇ ਯੁੱਗ ਦੀ ਗਾਇਕੀ ਨੂੰ ਨਵੀਂਆਂ ਨਵੀਂਆਂ ਮੰਜ਼ਿਲਾਂ ਵੱਲ ਨੂੰ ਲਿਆ ਰਿਹਾ ਹੈ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਪੁਰਾਤਨ ਗੀਤਾਂ ਨੂੰ ਬਦਲਣ ਅਤੇ ਤੋੜਨ ਮਰੋੜਨ ਦੇ ਹੱਕ ਵਿੱਚ ਨਹੀਂ ਹਨ। ਉਹ ਰਾਗ ਨੂੰ ਈਮਾਨਦਾਰੀ ਨਾਲ ਉਸੇ ਹੀ ਸਰੂਪ ਵਿੱਚ ਗਾਇਨ ਕਰਦੇ ਹਨ ਜਿਸ ਸਰੂਪ ਵਿੱਚ ਉਨ੍ਹਾਂ ਨੇ ਆਪਣੇ ਉਸਤਾਦ ਪਿਤਾ ਜੀ ਪਾਸੋਂ ਉਸ ਗੀਤ ਨੂੰ ਗ੍ਰਹਿਣ ਕੀਤਾ ਸੀ। ਮਿਸਾਲ ਦੇ ਤੌਰ ਤੇ ਇੱਕ ਧਰੁਪਦ ਉਨ੍ਹਾਂ ਨੇ 9 ਮਿੰਟ ਅਤੇ 18 ਸਕਿੰਟ ਵਿੱਚ ਪੂਰੀ ਤਰ੍ਹਾਂ ਗਾਇਕ ਕੀਤੀ, ਦੂਜੀ ਵਾਰੀ ਵੀ ਉਹ 9 ਮਿੰਟ 16 ਸਕਿੰਟ ਜਾਂ 9 ਮਿੰਟ 20 ਸਕਿੰਟ ਦੇ ਅੰਦਰ ਅੰਦਰ ਹੀ ਸੰਪੂਰਨ ਗੀਤ ਦਾ ਗਾਇਕ ਕਰ ਸਕਣਗੇ। ਭਾਈ ਸਾਹਿਬ ਦੇ ਕੀਰਤਨ ਨਾਲ ਤੁਸੀਂ ਘੜੀ ਮਿਲਾ ਸਕਦੇ ਹੋ।

ਅਮਰੀਕਾ ਵਿੱਚ ਤਾਂ ਭਾਈ ਅਵਤਾਰ ਸਿੰਘ ਹੋਰਾਂ ਨੂੰ ਗਰਾਮੋਫੋਨ ਰਿਕਾਰਡ ਹਨ। ਇਹ ਲੇਖਕ ਪਿਆਰ ਨਾਲ ਉਹਨਾਂ ਨੂੰ ਹਿਜ਼ ਮਾਸਟਰਜ਼ ਵੌਇਸ ਆਖਦਾ ਹੈ।

ਪਿਆਰ ਨਾਲ ਬਾਜ਼ ਦਫ਼ਾ ਭਾਈ ਅਵਤਾਰ ਸਿੰਘ ਗੁਰਚਰਨ ਨੂੰ ਸੁਰਿੰਦਰ ਕੌਰ ਪ੍ਰਕਾਸ਼ ਕੌਰ ਵੀ ਆਖਿਆ ਜਾਂਦਾ ਹੈ। ਆਪ ਵਿੱਚੋਂ ਜੋ ਚਾਲੀ ਸਾਲਾਂ ਤੋਂ ਵੱਧ ਆਯੂ ਦੇ ਹਨ ਉਹ ਭਲੀ ਭਾਂਤ ਜਾਣਦੇ ਹੋਣਗੇ ਕਿ ਗਾਇਕਾਂ ਭੈਣਾਂ ਦੀ ਭਾਰਤੀ ਉੱਪ ਮਹਾਂਦੀਪ ਦੀ ਸਭ ਤੋਂ ਵੱਧ ਲੋਕ ਪ੍ਰੀਅ ਜੋੜੀ ਸੁਰਿੰਦਰ ਕੌਰ ਪ੍ਰਕਾਸ਼ ਕੌਰ ਦੀ ਹੀ ਹੈ। ਜੋ ਕੁਝ ਇਨ੍ਹਾਂ ਦੋਹਾਂ ਭੈਣਾਂ ਨੇ ਮਿਲਕੇ ਪੰਜਾਬੀ ਵਿੱਚ ਗਾਇਆ ਹੈ ਉਹ ਪੰਜਾਬੀ ਲੋਕ ਸੰਗੀਤ ਦੇ ਇਤਿਹਾਸ ਵਿੱਚ ਇੱਥ ਮੀਲ ਪੱਥਰ ਹੈ। ਇਹਨਾਂ ਦੋਹਾਂ ਭੈਣਾਂ ਦੀ ਆਪਸੀ ਮਿਲਤ, ਜੋ 1943 ਤੋਂ 1980 ਤੱਕ ਚਲਦੀ ਰਹੀ, ਐਨੀ ਜ਼ਬਰਦਸਤ ਸੀ ਕਿ ਕਈ ਵਾਰ ਇਹ ਦੱਸਣਾ ਔਖਾ ਹੋ ਜਾਂਦਾ ਸੀ ਕਿ ਦੋ ਭੈਣਾਂ ਗਾ ਰਹੀਆਂ ਹਨ ਕਿ ਈਕੋ ਪ੍ਰਭਾਵ ਦਿੱਤਾ ਜਾ ਰਿਹਾ ਹੈ। ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੇ ਪਹਿਲਾਂ ਪਿਤਾ ਜੀ ਦੇ ਨਾਲ ਮਿਲਕੇ ਤੇ ਫੇਰ ਆਪਣਾ ਜਥਾ ਬਣਾ ਕੇ ਪੰਜਮ ਸਾਲ ਤੋਂ ਵੱਧ ਅਰਸੇ ਵਾਸਤੇ ਮਿਲਕੇ ਕੀਤਾ ਹੈ। ਇਨ੍ਹਾਂ ਦੋਹਾਂ ਭਰਾਵਾਂ ਦੀ ਮਿਲਤ ਐਨੀ ਹੈ ਕਿ ਸੁਣਕੇ ਸਰੋਤੇ ਦੰਗ ਰਹਿ ਜਾਂਦੇ ਹਨ। ਪਹਿਲੇ ਪਹਿਲ ਇਨ੍ਹਾਂ ਦੇ ਤਬਲਾ ਮਾਸਟਰ ਅਤੇ ਭਤੀਜੇ ਭਾਈ ਸਵਰਨ ਸਿੰਘ ਕੇਵਲ ਤਬਲੇ ਤੇ ਹੀ ਸੰਗਤੀ ਨਿਭਾਉਂਦੇ ਸਨ, ਪਰ ਹੁਣ ਉਨ੍ਹਾਂ ਦੀ ਵੀ ਮਿਲਤ ਐਨੀ ਵਧ ਚੁੱਕੀ ਹੈ ਕਿ ਉਹ ਤੀਜੀ ਆਵਾਜ਼ ਨੁਮਾਇਆਂ ਕਰਦੇ ਹਨ। ਭਾਈ ਸਵਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਹੋਰਾਂ ਦੀ ਮਿਲਤ ਵੀ ਭਾਈ ਗੁਰਚਰਨ ਸਿੰਘ ਹੋਰਾਂ ਨਾਲੋਂ ਮਿਲਤ ਤੋਂ ਘੱਟ ਨਹੀਂ। ਇੰਜ ਸਮਝ ਲਵੋ ਕਿ ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਦੀ ਜੋੜੀ ਗਾ ਰਹੀ ਹੈ।

ਭਾਈ ਸਵਰਨ ਸਿੰਘ ਇੱਕ ਗੰਭੀਰ ਅਤੇ ਠਹਿਰੇ ਹੋਏ ਤਬਲਾ ਵਾਦਕ ਹਨ। ਬਜ਼ਾਤ-ਏ-ਖ਼ੁਦ ਉਹ ਇੱਕ ਅੱਛੇ ਮੰਝੇ ਹੋਏ ਤਬਲਾ ਵਾਦਕ ਹਨ ਜੋ ਬਿਖੜੀਆਂ ਤੇ ਬਿਖੜੀਆਂ ਤਾਲਾਂ ਵਜਾ ਸਕਦੇ ਹਨ, ਪਰ ਉਹ ਆਪਣੀ ਕਲਾ ਤੇ ਮਾਣ ਨਹੀਂ ਕਰਦੇ। ਉਹ ਆਪਣੀ ਕਲਾ ਦੇ ਜੌਹਰ ਕਦੀ ਵੀ ਵਿਖਾਵੇ ਵਾਸਤੇ ਨਹੀਂ ਪ੍ਰਦਰਸ਼ਤ ਕਰਦੇ। ਉਹ ਇਹ ਭਲੀ ਭਾਂਤ ਜਾਣਦੇ ਹਨ ਕਿ ਕੀਰਤਨ ਕਰਦੇ ਸਮੇਂ ਰਾਗ ਪ੍ਰਧਾਨ ਨਹੀਂ ਬਲਕੇ ਗੁਰਬਾਣੀ ਪ੍ਰਧਾਨ ਹੋਣੀ ਚਾਹੀਦੀ ਹੈ। ਆਪਣੇ ਤਬਲਾ ਵਾਦਨ ਦੇ ਜੌਹਰ ਵਿਖਾ ਕੇ ਉਹ ਸੰਗਤਾਂ ਦਾ ਧਿਆਨ ਗੁਰਬਾਣੀ ਦੀ

ਬਜਾਏ ਆਪਣੀ ਵੱਲ ਨਹੀਂ ਖਿੱਚਣਾ ਚਾਹੁੰਦੇ। ਇਹ ਇੱਕ ਸੰਜੀਦਾ ਇਨਸਾਨ ਦੀ ਫਿਤਰਤ ਹੁੰਦੀ ਹੈ।

ਭਾਈ ਗੁਰਚਰਨ ਸਿੰਘ ਇੱਕ ਅੱਛੇ ਕਵੀ ਵੀ ਹਨ। ਉਨ੍ਹਾਂ ਦੀ ਨਜ਼ਮਾਂ ਦੀ ਕਿਤਾਬ 'ਚਰਨ ਕਮਲ ਦੀ ਮਉਜ' ਬੜੀ ਸਰਾਹੀ ਗਈ ਹੈ। ਭਾਈ ਗੁਰਚਰਨ ਸਿੰਘ ਸਿੱਖ ਇਤਿਹਾਸ ਦੇ ਵੀ ਚੋਖੇ ਗਿਆਤਾ ਹਨ। ਕੀਰਤਨ ਕਰਦੇ ਸਮੇਂ ਵਿਆਖਿਆ ਅਤੇ ਕਥਾ ਉਹ ਹੀ ਕਰਿਆ ਕਰਦੇ ਹਨ। ਪਿਛਲੇ ਪੰਜ ਕੁ ਸਾਲਾਂ ਤੋਂ ਭਾਈ ਗੁਰਚਰਨ ਸਿੰਘ ਜਥੇ ਤੋਂ ਬਾਹਰ ਹੋ ਗਏ ਹਨ। ਕੀਰਤਨ ਅਜੇ ਭੀ ਉਹ ਕਰਦੇ ਹਨ ਪਰ ਆਪਣੀ ਮਉਜ ਨਾਲ ਹੀ। ਜਥੇ ਤੋਂ ਉਹ ਕਿਉਂ ਵੱਖ ਹੋਏ ਇਹ ਇੱਕ ਬੁਝਾਰਤ ਹੀ ਹੈ? ਉਹ ਵਧੀਆ ਕਥਾ ਵਾਚਕ ਹਨ। ਅਮਰੀਕਾ, ਕੈਨੇਡਾ ਅਤੇ ਭਾਰਤ ਵਿੱਚ ਉਹ ਕਿਆਮ ਕਰਦੇ ਹਨ। ਬੜੇ ਖੁਸ਼ ਤਬੀਅਤ ਹਨ ਗੁਰੂ ਦੀ ਰਜ਼ਾ ਵਿੱਚ ਰਹਿਣਾ ਕਬੂਲਦੇ ਹਨ। ☬


**ਤਿੰਨ ਅਨਮੋਲ ਪੁਸਤਕਾਂ**

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*
*ਅੰਮ੍ਰਿਤ ਕੀਰਤਨ ਟ੍ਰਸਟ, 1246, (1st ਫਲੋਰ)*
*ਸੈਕਟਰ 22 ਬੀ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

**THE SIKH REVIEW**

**(A Monthly Magazine)**

**116, Karnani Mansion**
**25-A, Park Street, Calcutta**


*Take time to laugh*
*It is the music of the soul.*
*Take time to think*
*It is the source of power.*
*Take time to play*
*It is the source of perpetual youth.*
*Take time to read*
*It is the fountain of wisdom.*
*Take time to pray*
*It is the greatest power on earth.*
*Take time to love and be loved*
*It is a God-given privilege.*
*Take time to be friendly*
*It is the road to happiness.*
*Take time to give*
*It is too short a day to be selfish.*
*Take time to work*
*It is the price of success.*


With best compliments from a wellwisher

# ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ!


## ਕਰਤਾਰ ਸਿੰਘ ਨੀਲਧਾਰੀ

162 ਏ, ਗਰੇਨ ਮਾਰਕੀਟ, ਚੰਡੀਗੜ੍ਹ 160 026


ਆਨੰਦ ਸਾਹਿਬ ਦਾ ਪਾਠ ਚਾਲੀ ਪਉੜੀਆਂ ਵਿੱਚ ਸਮਾਇਆ ਹੋਇਆ ਹੈ, ਪਰ ਇਸ ਦੀਆਂ ਪਹਿਲੀਆਂ ਪੰਜ ਅਤੇ ਇੱਕ ਅਖੀਰਲੀ ਕੁਲ ਛੇ ਪਉੜੀਆਂ ਦਾ ਪਾਠ ਅਤੇ ਗਾਇਨ ਹੀ ਅਧਿਕ ਪ੍ਰਵਾਨ ਹੈ। ਇਨ੍ਹਾਂ ਛੇ ਪਉੜੀਆਂ ਦਾ ਪਾਠ ਰਹਿਰਾਸ ਵਿੱਚ ਤਾਂ ਸ਼ਾਮਿਲ ਹੈ ਹੀ, ਪਰ ਕੀਰਤਨ ਦੀ ਸਮਾਪਤੀ ਤੋਂ ਬਾਦ ਆਨੰਦ ਸਾਹਿਬ ਦੀ ਇਨ੍ਹਾਂ ਛੇ ਪਉੜੀਆਂ ਦਾ ਗਾਇਨ ਹਰ ਥਾਂ ਹਰ ਸਮੇਂ ਹੁੰਦਾ ਹੈ। ਪੁਰਾਤਨ ਰੀਤ ਵਿੱਚ ਜੇਕਰ ਭੋਗ ਸਮੇਂ ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਿਰ ਕੀਤੀ ਜਾਵੇ ਤਾਂ ਕੀਰਤਨ ਦੇ ਭੋਗ ਤੋਂ ਬਾਦ ਪਉੜੀ ਲਗਾਈ ਜਾਂਦੀ ਸੀ। ਪਉੜੀ ਦਾ ਗਾਇਨ ਕਰਕੇ ਰਾਗੀ ਉਸਨੂੰ ਸੁੱਧ ਕਰਦੇ ਹੋਏ ਇੱਕ ਵਾਰੀ ਪੜ੍ਹ ਲੈਂਦੇ ਸਨ, ਉਪਰੰਤ ਰਾਗੀ ਹੀ ਸੂਖਮ ਅਰਦਾਸ ਕਰ ਲੈਂਦੇ ਸਨ। ਮਗਰ ਅਜ ਕਲ ਪਉੜੀ ਲਗਾ ਕੇ ਵੀ ਆਨੰਦ ਸਾਹਿਬ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਅਰਦਾਸ ਅਰਦਾਸੀਆ ਹੀ ਕਰਦਾ ਹੈ ਤੇ ਸੰਗਤ ਖਲੋ ਕੇ ਹਾਜ਼ਰੀ ਲੁਆਂਦੀ ਹੈ।

ਕਈ ਨਿਤਨੇਮੀ ਆਨੰਦ ਸਾਹਿਬ ਦਾ ਪੂਰਾ ਪਾਠ ਕਰਦੇ ਹਨ, ਤੇ ਉਹ ਜਾਣਦੇ ਹਨ ਕਿ ਇਸ ਬਾਣੀ ਵਿੱਚ ਕਿਸ ਤਰ੍ਹਾਂ ਦੇ ਨਿਵੇਕਲੇ ਢੰਗ ਨਾਲ ਜੀਵਾਤਮਾ ਅਤੇ ਸਰੀਰ ਦੀ ਗਿਆਨ ਇੰਦ੍ਰੀਆਂ ਨੂੰ ਸੰਬੋਧਨ ਕਰਕੇ ਗੁਰਮਤਿ ਸੋਝੀ ਦਿੱਤੀ ਗਈ ਹੈ। ਖੰਡੇ ਪਾਹੁਲ ਤਿਆਰ ਕਰਨ ਲਈ ਪੜ੍ਹੀ ਜਾਣ ਵਾਲੀ ਪੰਜ ਬਾਣੀਆਂ ਵਿੱਚ ਆਨੰਦ ਸਾਹਿਬ ਦਾ ਸੰਪੂਰਨ ਪਾਠ ਕੀਤਾ ਜਾਂਦਾ ਹੈ। ਸੱਤ ਚਿੱਤ ਆਨੰਦ ਦਾ ਅੰਸ਼ ਹਰ ਇੱਕ ਜੀਵਾਤਮਾ ਸਦਾ ਸੁਖ ਜਾਂ ਆਨੰਦ ਦੀ ਭਾਲ ਵਿੱਚ ਭਟਕਦੀ ਰਹਿੰਦੀ ਹੈ। ਸ੍ਰੀ ਗੁਰੂ ਅਮਰ ਦਾਸ ਜੀ ਨੇ ਇਸ ਅਨੰਦ ਪ੍ਰਾਪਤੀ ਲਈ ਹੀ ਇਸ ਆਨੰਦ ਸਾਹਿਬ ਨਾਮੀ ਬਾਣੀ ਦੀ ਰਚਨਾ ਕਰਕੇ ਸਿੱਖ ਸੰਗਤਾਂ ਲਈ ਸਦਾ ਆਨੰਦ ਰਹਿਣ ਦਾ ਗੁਰੂ ਦਵਾਰ ਖੋਲ੍ਹ ਦਿੱਤਾ। ਇਸ ਬਾਣੀ ਵਿੱਚ ਗੁਰਮਤਿ ਆਨੰਦ ਨੂੰ ਭਰਮਾਣ ਵਾਲੇ ਅੰਸ਼ ਦੇ ਰੂਪ ਵਿੱਚ ਕੱਚੀ ਬਾਣੀ ਬਾਰੇ ਵਿਸ਼ੇਸ਼ ਚੇਤਾਵਨੀ ਦਿੱਤੀ ਗਈ ਹੈ-

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*
*ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥*
*ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥*
*ਚਿਤੁ ਜਿਨ ਕਾ ਹਿਰਿ ਲਇਆ*
*ਆਇਆ ਬੋਲਨਿ ਪਏ ਰਵਾਣੀ॥*
*ਕਹੈ ਨਾਨਕੁ ਸਤਿਗੁਰੂ ਬਾਝਹੁ*
*ਹੋਰ ਕਚੀ ਬਾਣੀ॥੨੪॥*

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਉਸ ਸਮੇਂ ਕੱਚੀ ਬਾਣੀ ਦੀ ਰਚਨਾ ਕੌਣ ਕਰ ਰਿਹਾ ਸੀ? ਰਵਾਇਤ ਅਨੁਸਾਰ ਪੰਚਮ ਪਾਤਸ਼ਾਹਿ ਦੇ ਸਮੇਂ ਹਰਿਮੰਦਿਰ ਸਾਹਿਬ ਵਿੱਚ ਰਬਾਬੀਆਂ ਨੇ ਕੱਚੀ ਬਾਣੀ ਦਾ ਸ਼ਬਦ ਗਾਇਨ ਕੀਤਾ ਤਾ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਰਚਨਾਕਾਰ ਦਾ ਮਹੱਲਾ ਪੁੱਛਿਆ। ਉਸ ਸਮੇਂ ਪ੍ਰਿਥਵੀ ਚੰਦ ਦੇ ਪੁੱਤਹ ਦੀ ਬਾਣੀ ਦਾ ਗਾਇਨ ਹੋ ਰਿਹਾ ਸੀ ਜਿਸ ਵਿੱਚ ਨਾਨਕ ਛਾਪ ਵਰਤੀ ਗਈ ਸੀ। ਇਸ ਘਟਨਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸੱਚੀ ਬਾਣੀ ਦੇ ਸੰਪਾਦਨ ਸੰਕਲਪ ਦਾ ਮੁੱਢ ਬੱਝਿਆ ਸੀ। ਕੱਚੀ ਬਾਣੀ ਦਾ ਖਲਾਰਾ ਪ੍ਰਿਥਵੀ ਚੰਦ ਦੇ ਪੁੱਤਰ ਮਨੋਹਰਦਾਸ ਮੇਹਰਬਾਨ ਤੇ ਪੋਤਰੇ ਹਰਿ ਜੀ ਨਾਲ ਹੀ ਜੋੜਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਾਨਕ ਛਾਪ ਵਾਲੀ ਬਾਣੀ ਇਸ ਪਰਿਵਾਰ ਦੀ ਰਚਨਾ ਸਮਝਿਆ ਜਾਂਦਾ ਹੈ। ਪਰੰਤੂ ਆਨੰਦ ਸਾਹਿਬ ਦੀ ਰਚਨਾ ਸਮੇਂ ਪ੍ਰਿਥਵੀ ਚੰਦ ਦਾ ਸ਼ੈਸ਼ਵ ਜਾਂ ਕਿਸ਼ੋਰ ਅਵਸਥਾ ਹੀ ਸਿੱਧ ਹੋ ਸਕਦੀ ਹੈ ਅਤੇ ਚੌਥੇ ਗੁਰੂ ਸਤਿਗੁਰੂ ਰਾਮਦਾਸ ਜੀ ਦੇ ਗੁਰੂ ਕਾਲ ਤੋਂ ਬਾਦ ਹੀ ਪ੍ਰਿਥਵੀ ਚੰਦ ਦੇ "ਮੀਣਾ" ਪਰਿਵਾਰ ਦੀ ਬਾਣੀ ਦੇ ਹੋਂਦ ਵਿੱਚ ਆਉਣ ਦੇ ਪ੍ਰਮਾਣ ਮਿਲਦੇ ਹਨ।

ਸਤਿਗੁਰੂ ਅਮਰਦਾਸ ਜੀ ਦੇ ਪੁੱਤਰਾਂ ਜਾਂ ਸਤਿਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਵੱਲੋਂ ਬਾਣੀ ਰਚਨਾ ਦੇ ਕੋਈ ਸੰਕੇਤ ਨਹੀਂ ਮਿਲਦੇ। ਇਹ ਦੋ ਪਉੜੀਆਂ ਉਤਰ ਕੇ ਵਿਚਾਰ ਲੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਤੱਕ ਪੁੱਜਦੀ ਹੈ। ਬਾਬਾ ਲਖਮੀ ਚੰਦ ਅਤੇ ਧਰਮਦਾਸ ਨੇ ਕੋਈ ਬਾਣੀ ਉਚਾਰੀ ਹੋਵੇ ਐਸੇ ਸਾਹਿਤ ਸੰਕੇਤ ਵੀ ਪ੍ਰਾਪਤ ਨਹੀਂ ਹੋਏ। ਹੁਣ ਵਿਚਾਰ ਕੇਂਦਰ ਵਿੱਚ ਕੇਵਲ ਬਾਬਾ ਸ੍ਰੀ ਚੰਦ ਜੀ ਦਾ ਨਾਮ ਅਤੇ ਉਨ੍ਹਾਂ ਦੀ ਉਦਾਸੀ ਸੰਪ੍ਰਦਾ ਦਾ ਖਲਾਰਾ ਹੀ ਰਹਿ ਜਾਂਦਾ ਹੈ। ਤੀਸਰੀ ਪਾਤਸ਼ਾਹੀ ਸਮੇਂ ਬਾਬਾ ਸਿਰੀਚੰਦ ਵਲੋਂ ਗੁਰੂ ਬਾਬੇ ਦੀ ਜੋਤਿ ਦੀ ਨਾਦੀ ਗੱਦੀ ਨਾਲ ਵਿਰੋਧ ਦੇ ਤਿੱਖੇ ਸੁਰ ਵੀ ਮਿਲਦੇ ਹਨ। ਇੱਥੇ ਇਹ ਦਸਣਾ ਉਚਿਤ ਹੋਵੇਗਾ ਕਿ

ਬਾਬਾ ਸ੍ਰੀ ਚੰਦ ਨੇ ਜੰਮੂ ਦੇ ਯੋਗੀ ਅਵਿਨਾਸ਼ਚੰਦ੍ ਤੋਂ ਦੀਖਿਆ ਲੈ ਕੇ ਗੁਰੂ ਪਿਤਾ ਦੀ ਉਦਾਸੀਆਂ ਦੇ ਉਤਰਾਧਿਕਾਰ ਨਾਲ ਉਦਾਸੀ ਸੰਪ੍ਰਦਾਚਲਾਈ ਸੀ। ਇਸ ਦਾ ਜਿਕਰ ਭਾਈ ਬਾਲੇ ਦੇ ਤਲਵੰਡੀ ਜਾ ਕੇ ਗੁਰੂ ਜੀ ਦੀ ਪਡੀ ਦੇ ਖੋਜ ਦੇ ਸਿਲਸਿਲੇ ਵਿੱਚ ਚਾਚਾ ਲਾਲੂ ਦੇ ਨਾਲ ਹੋਏ ਵਾਰਤਾਲਾਪ ਵਿੱਚ ਹੀ ਆਉਂਦਾ ਹੈ। ਸੱਤੇ ਬਲਵੰਡ ਦੀ ਉਚਾਰੀ ਰਾਮਕਲੀ ਦੀ ਵਾਰ ਵਿੱਚ ਇਹ ਤੁਕਾਂ ਧਿਆਨ ਗੋਚਰੇ ਹਨ :

*ਪੁਤ੍ਰੀ ਕਉਲੁ ਨ ਪਾਲਿਓ*
*ਕਰਿ ਪੀਰਹੁ ਕੰਨ ਮੁਰਦੀਐ॥*
*ਦਿਲਿ ਖੋਟੈ ਆਕੀ ਫਿਰਨ੍ਹਿ*
*ਬੰਨ੍ਹਿ ਭਾਰੁ ਉਚਾਇਨਿ ਕਟੀਐ॥੨॥*

ਉਦਾਸੀ ਸੰਪ੍ਰਦਾ ਵਿੱਚ ਬਾਬਾ ਸ੍ਰੀ ਚੰਦ ਨੂੰ ਗੁਰੂ ਗੋਰਖਨਾਥ ਅਤੇ ਸ਼ਿਵਜੀ ਦਾ ਅਵਤਾਰ ਕਿਹਾ ਜਾਂਦਾ ਹੈ। ਇਨ੍ਹਾਂ ਦੀ ਕਰਾਮਾਤੀ ਜੀਵਨੀ ਦੀ ਸਾਖੀਆਂ ਦੇ ਨਾਲ ਹੀ ਭਾਈ ਲਖਮੀ ਚੰਦ ਦੇ ਪਰਿਵਾਰ ਦੀ ਰਹਿਬਰੀ ਵੀ ਜੁੜੀ ਹੋਈ ਹੈ ਇਸ ਕਰਕੇ ਗੁਰੂ ਬਾਬੇ ਦੇ ਪਰਿਵਾਰ ਦੇ ਮਰਨੇ-ਪਰਨੇ ਵਿੱਚ ਬਾਕਾ ਸ੍ਰੀ ਚੰਦ ਦਾ ਗੁਰੂ ਸਰੂਪਾਂ ਨਾਲ ਮੇਲ ਵੀ ਹੁੰਦਾ ਰਿਹਾ ਹੈ। ਛੇਵੇਂ ਸਤਿਗੁਰੂ ਦੇ ਬੇਟੇ ਬਾਬਾ ਗੁਰਦਿੱਤਾ ਦੀ ਨੁਹਾਰ ਪਿਤਾ ਗੁਰੂ ਨਾਨਕ ਵਰਗੀ ਦੇਖਕੇ ਬਾਬਾ ਸ੍ਰੀ ਚੰਦ ਨੇ ਗੁਰੂ ਘਰ ਨਾਲ ਸਾਂਝ ਬਣਾ ਕੇ ਬਾਬਾ ਗੁਰਦਿੱਤਾ ਨੂੰ ਆਪਣੀ ਗੱਦੀ ਸੌਂਪ ਦਿੱਤੀ ਸੀ। ਉਦਾਸੀ ਪੰਥ ਦੇ ਬਾਨੀ ਦਾ ਗ੍ਰਿਹਸਤੀ ਸਾਹਿਬਜਾਦੇ ਨੂੰ ਗੱਦੀ ਦੇਣ ਦਾ ਦੂਜਾ ਅਰਥ ਸੀ ਗੁਰੂ ਨਾਨਕ ਦੀ ਜੋਤਿ ਅਗੇ ਆਤਮ ਸਮਰਪਣ।

ਉਪਰੋਕਤ ਇਤਿਹਾਸ ਤੋਂ ਹਟ ਕੇ ਇੱਕ ਗਲ ਸਪਸ਼ਟ ਸਮਝ ਆਉਂਦੀ ਹੈ ਕਿ ਬਾਬਾ ਸ੍ਰੀ ਚੰਦ ਦੇ ਕੈਂਪ ਵਿੱਚ ਨਾਨਕ ਨਾਮ ਨਾਲ ਬਾਣੀ ਉਚਾਰੀ ਜਾ ਰਹੀ ਸੀ। ਇਸੇ ਕੈਂਪ ਵਿੱਚ ਨਾਨਕ ਨਾਮ ਨਾਲ ਬਾਣੀ ਉਚਾਰੀ ਜਾ ਰਹੀ ਸੀ। ਇਸੇ ਕੈਂਪ ਵਿੱਚ ਜਨਮ ਸਾਖੀਆਂ ਦਾ ਪਹਿਲਾ ਵਿਸਤਾਰ ਹੋਇਆ ਅਤੇ ਕੱਚੀ ਬਾਣੀ ਦਾ ਸਮਾਵੇਸ਼ ਹੋਇਆ। ਨਾਨਕ ਛਾਪ ਵਾਲੀ ਸਾਰੀ ਕੱਚੀ ਬਾਣੀ ਮਨੋਹਰ ਦਾਸ ਮੇਹਰਬਾਨ ਤੇ ਹਰਿ ਜੀ ਨਾਲ ਨਹੀਂ ਜੋੜੀ ਜਾ ਸਕਦੀ, ਕਿਉਂਕਿ ਉਨ੍ਹਾਂ ਦੀ ਕਾਫੀ ਬਾਣੀ ਦੀ ਪਹਿਚਾਨ ਖੋਜੀਆਂ ਨੇ ਕਰ ਲਈ ਹੈ।

ਇੱਥੇ ਮਸਲਾ ਹੈ ਤੀਸਰੇ ਜਾਮੇ ਸਮੇਂ ਕੱਚੀ ਬਾਣੀ ਦੀ ਰਚਨਾ ਦਾ ਜੋ ਨਿਰਸੰਦੇਹ ਮੁਕਾਬਲੇ ਤੇ ਚਲਾਏ ਜਾ ਰਹੇ ਇੱਕੋ ਇੱਕ ਸਬਲ ਉਦਾਸੀ ਸੰਪ੍ਰਦਾ ਵਿੱਚੋਂ ਹੀ ਨਿਕਲ ਰਹੀ ਸੀ। ਪ੍ਰਾਣ ਸੰਗਲੀ ਪੁਸਤਕ ਨਾਲ ਭਾਵੇਂ ਕਈ ਸਾਖੀਆਂ ਜੁੜੀਆਂ ਹਨ ਪਰ ਇਸ ਪੁਸਤਕ ਦੀ ਬਾਣੀ ਅਤੇ ਵਾਰਤਕ ਦਾ ਸਾਰਾ ਫਲਸਫਾ ਉਦਾਸੀ ਸੰਪ੍ਰਦਾ ਨਾਲ ਚੁਕਦਾ ਹੈ ਅਤੇ ਇਹ ਬਾਬਾ ਸ੍ਰੀ ਚੰਦ ਜਾਂ ਉਨ੍ਹਾਂ ਦੇ ਕਿਸੇ ਕਿਰਪਾ ਪਾਤਰ ਦੀ ਰਚਨਾ ਸਿੱਧ ਹੁੰਦੀ ਹੈ। ਇਸ ਤੱਥ ਨੂੰ ਸਵੀਕਾਰ ਕਰ ਲੈਣ ਸ੍ਰੀ ਗੁਰੂ ਅਮਰਦਾਸ ਜੀ ਦੀ ਆਨੰਦ ਸਾਹਿਬ ਵਿਚਲੀ ਚੇਤਾਵਨੀ ਦਾ ਨਿਸ਼ਾਨਾ ਸਪਸ਼ਟ ਸਿੱਧ ਹੋ ਜਾਂਦਾ ਹੈ।

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

*With compliments from*

**ASSOCIATES GROUP**
SECURITY & SERVICES **PVT LTD**

GROUP H.Q. : No. 1513, Sector 36-D, Chandigarh. Ph. : 0172-602508
OPERATIONS H.Q. : S.C.O. 1131, Sector 22-B, Chandigarh. Ph. : 0172-709105

*For your Security & Manpower*

# ਇੱਕ ਗੁਰਮਤਿ ਸੁਨੇਹਾ


## ਭਗਵੰਤ ਸਿੰਘ ਦਲਾਵਰੀ

Tapovan, Amravati - 444 602 (Maharashtra)


ਮੇਰੀ ਪਿਆਰੀ ਬੇਟੀ...

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਤੇਰਾ ਖਤ ਮਿਲਿਆ ਜਿਸ ਵਿੱਚ ਤਾਰੀਖ਼ ਕੋਈ ਨਹੀਂ ਸੀ। ਹਾਂ, ਹਾਂ ਨਹੀਂ ਤੂੰ ਮੈਨੂੰ ਪਾਪਾ ਆਖ ਸਕਦੀ ਹੈਂ ਭਾਵੇਂ ਅਸੀਂ ਅਜੇ ਮਿਲੇ ਨਹੀਂ। ਵੈਸੇ ਵੀ, ਮੇਰੀਆਂ ਦੋ ਬੇਟੀਆਂ ਹਨ- ਇੱਕ 50 ਤੇ ਦੂਜੀ 45 ਵਰ੍ਹਿਆਂ ਦੀ -ਤੇ ਉਨ੍ਹਾਂ ਤੋਂ ਛੋਟੀ ਉਮਰ ਦੇ ਸਾਰੇ ਮੇਰੇ ਬੱਚਿਆਂ ਵਾਂਗ ਹਨ ਹੁਣ ਜਰਾ ਧਿਆਨ ਨਾਲ ਸੁਣ ਕਿ ਗੁਰੂ ਦੀ ਰਹਿਮਤ, ਗੁਰੂ ਦੀ ਸਹਾਇਤਾ ਤੇ ਗੁਰੂ ਦਾ ਦਿਲਾਸਾ ਪ੍ਰਾਪਤ ਕਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ :

1. 24 ਘੰਟੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਕਰਦਿਆਂ ਪ੍ਰਭੂ ਦੀ ਯਾਦ ਵਿੱਚ ਜੁੜੇ ਰਹੀਏ।

2. ਅੰਮ੍ਰਿਤ ਵੇਲੇ ਉੱਠ ਕੇ ਹਰਿਮੰਦਰ ਸਾਹਿਬ ਤੋਂ ਰੇਡੀਓ ਤੇ ਪ੍ਰਸਾਰਿਤ ਹੋਣ ਵਾਲਾ ਗੁਰਬਾਣੀ ਕੀਰਤਨ ਸੁਣੀਏ ਤੇ ਉਨ੍ਹਾਂ ਸ਼ਬਦਾਂ ਦੀ ਵੀਚਾਰ ਕਰੀਏ, ਆਪ ਯਾ ਕਿਸੇ ਨਾਲ ਮਿਲ ਕੇ।

3. ਆਪਣੀਆਂ ਮਾਇਕ ਇਛਾਵਾਂ ਤੇ ਕੰਟਰੋਲ ਰੱਖੀਏ ਤੇ ਪ੍ਰਭੂ। ਗੁਰੂ ਤੇ ਛੱਡ ਦੇਈਏ- ਉਸਨੂੰ ਜੋ ਭਾਵੇ, ਸਾਨੂੰ ਦੇਵੇ। ਐਸਾ ਕਰ ਕੇ ਹੀ ਅਸੀਂ ਉਸਦੀਆਂ ਦਾਤਾਂ ਨੂੰ ਮਾਣ ਸਕਦੇ ਹਾਂ। ਜੋ ਦਾਤ ਪਿੱਛੇ ਲਗ ਕੇ ਦਾਤਾਰ ਨੂੰ ਵਿਸਾਰਾਂਗੇ ਤਾਂ ਦਾਤਾਂ ਸਾਨੂੰ ਸੁਖ ਨਹੀਂ ਦੇ ਸਕਣਗੀਆਂ।

4. ਮਿਠਬੋਲੜਾ, ਦੂਜਿਆਂ ਨੂੰ ਪਿਆਰ ਕਰਨ ਵਾਲਾ, ਦੂਜਿਆਂ ਨੂੰ ਸਮਝਣ ਵਾਲਾ ਤੇ ਦੂਜਿਆਂ ਦਾ ਖਿਆਲ ਰੱਖਣ ਵਾਲਾ ਬਣੀਏ, ਪਰ ਆਪਣਾ ਆਤਮ ਵਿਸ਼ਵਾਸ ਨਾ ਗੁਆਈਏ। ਪ੍ਰਭੂ ਜਰੂਰ ਸਾਡੀ ਮਦਦ ਨੂੰ ਆਉਂਦਾ ਹੈ ਜੇ ਅਸੀਂ ਉਸ ਨਾਲ ਪਿਆਰ ਪਾਇਆ ਹੋਵੇ। 24 ਘੰਟੇ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣਾ ਹੀ ਦੁੱਖਾਂ ਤੋਂ ਬਚਣ ਦਾ ਦਿਲਾਸਾ ਤੇ ਗਾਰੰਟੀ ਹੈ।

5. ਤੂੰ ਮੈਨੂੰ ਪਾਪ ਕਹਿ ਸਕਦੀ ਹੈਂ ਪਰ ਗੱਲ ਤਾਂ ਹੀ ਮੰਨੀ ਜੇ ਲਗੇ ਕਿ ਮੇਰੀ ਗੱਲ ਗੁਰੂ ਦੇ ਹੁਕਮਾਂ (ਜਿਤਨੀ ਕੁ ਮੈਨੂੰ ਸਮਝ ਆਈ ਹੈ) ਤੇ ਅਧਾਰਿਤ ਹੈ, ਇਸ ਤਰ੍ਹਾਂ ਤੈਨੂੰ ਮਦਦ ਮਿਲੇਗੀ, ਦੂਜੇ ਪਾਸੇ ਜੇ ਤੂੰ ਮੈਨੂੰ ਦੁਨੀਆਵੀ ਪਾਪਾ ਜਾਣਿਆ ਤਾਂ ਕੁਝ ਲਾਹਾ ਖੱਟ ਨਹੀਂ ਸਕੇਂਗੀ।

6. ਜੇ ਤੂੰ ਗੁਰਬਾਣੀ ਆਧਾਰਿਤ ਜੀਵਨ ਜਾਚ ਬਣਾਵੇਂ ਅਤੇ ਗੁਰੂ ਦੀ ਓਟ ਲਵੇਂ ਤਾਂ ਮਨ ਦੀ ਸ਼ਾਂਤੀ ਤੇ ਸੁਖ ਤੇਰੀ ਝੋਲੀ ਵਿੱਚ ਆ ਪੈਣਗੇ। ਜਪੁਜੀ ਸਾਹਿਬ ਦਾ ਕੇਵਲ ਪਾਠ ਕਰਨ ਨਾਲ ਗੱਲ ਨਹੀਂ ਬਣਨੀ, ਗੁਰੂ ਦੇ ਹੁਕਮਾਂ ਤੇ ਜਿੰਦਗੀ ਢਾਲਣੀ ਹੀ ਪਵੇਗੀ।

7. ਜੇ ਤੂੰ ਹੁਣ ਤੋਂ ਪ੍ਰਭੂ ਦਾ ਰਾਹ ਚੁਣ ਲਵੇਂ, ਪ੍ਰਭੂ ਤੈਨੂੰ ਅਪਣਾ ਲੈਣਗੇ ਪਰ ਸ਼ਰਤ ਯਾਦ ਰਖੀਂ -"*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ*" (ਪੰਨਾ 659) -ਜਿਸਦਾ ਅਰਥ ਹੈ ਹਰ ਹਾਲ ਵਿੱਚ ਪ੍ਰਭੂ ਨੂੰ ਦੁਨੀਆਂ ਤੋਂ ਉਪਰ ਰੱਖਣਾ।

8. ਜੇ ਅਸੀਂ ਗੁਰੂ ਵਲ ਇੱਕ ਕਦਮ ਚੁੱਕੀਏ ਤਾਂ ਪ੍ਰਭੂ ਕਰੋੜਾਂ ਕਦਮ ਅੱਗੇ ਆਉਂਦਾ ਹੈ ਸਾਨੂੰ ਮਿਲਣ ਲਈ।

9. "*ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥*" (ਪੰਨਾ 885)। ਇਹ ਚੰਗੀ ਤਰ੍ਹਾਂ ਜਾਣ ਲਈਏ ਕਿ ਸਾਰੇ ਰਿਸ਼ਤੇਦਾਰ ਝੂਠੇ ਹਨ ਤੇ ਕੋਈ ਮਰਦਾ ਨਹੀਂ, ਅਸੀਂ ਮਿਲਦੇ ਹਾਂ ਤੇ ਵਿਛੜ ਜਾਂਦੇ ਹਾਂ। ਸਾਡਾ ਸੱਚਾ ਤੇ ਅਬਿਨਾਸ਼ੀ ਰਿਸ਼ਤੇਦਾਰ ਪ੍ਰਭੂ ਹੈ, ਰਿਸ਼ਤੇਦਾਰਾਂ ਦੀ ਮੌਤ ਤੇ ਦੁਖੀ ਨਹੀਂ ਹੋਣਾ, ਪ੍ਰਭੂ ਨੂੰ ਆਪਣਾ ਮਾਤਾ-ਪਿਤਾ, ਭਰਾ, ਤੇ ਸਭ ਕੁਛ ਜਾਨਣਾ ਹੈ- "*ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ*" (ਪੰਨਾ 103)।

10. ਕਦੇ ਵੀ ਜਿੰਦਗੀ ਤੋਂ ਨਿਰਾਸ਼ ਨਹੀਂ ਹੋਣਾ। ਇਹ ਮਨੁੱਖਾ ਜੀਵਨ ਪ੍ਰਭੂ ਦੀ ਵਡਮੁੱਲੀ ਦਾਤ ਹੈ ਤੇ ਇਸਦਾ ਮਨੋਰਥ ਕੇਵਲ ਇਕੋ ਹੈ- "*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ*" (ਪੰਨਾ 12)।

11. ਜੋ ਸਮਾਂ ਬੀਤ ਗਇਆ ਉਹ ਤਾਂ ਮਰੇ ਵਾਂਗ ਹੈ ਤੇ ਭਵਿੱਖ ਦਾ ਪਤਾ ਕੋਈ ਨਹੀਂ, ਸੁ ਵਰਤਮਾਨ ਵਿੱਚ ਰਹਿਣਾ ਹੈ ਗੁਰੂ ਤੇ ਆਸ ਤੇ ਸਿਦਕ ਰੱਖ ਕੇ।

12. ਪ੍ਰਭੂ ਨੂੰ ਅਪਣਾ ਪਿਆਰਾ ਪਾਪਾ ਜਾਣ ਤੇ ਜਦੋਂ ਅਪਣੇ ਪਾਪਾ ਦੀ ਗੱਲ ਕਰਨ ਤਾਂ ਉਦਾਸ ਨਾ ਹੋਵੀਂ ਕਿ ਮੇਰੇ ਪਾਪਾ ਨਹੀਂ ਰਹੇ। ਜੇ ਚਾਹੇ ਤਾਂ ਮੈਨੂੰ ਅਪਣਾ ਪਾਪਾ ਜਾਣ, ਮੇਰੇ ਬਾਰੇ ਗੱਲਾਂ ਕਰ ਸਕਦੀ ਹੈਂ ਬਸ਼ਰਤੇ, ਤੈਨੂੰ ਗੁਰਮਤਿ ਜੀਵਨ ਪਸੰਦ ਹੋਵੇ ਤੇ ਤੂੰ ਗੁਰਸਿੱਖ ਦਾ ਨਮੂਨਾ ਬਣੇਂ ਜੀਵਨ ਵਿੱਚ- ਆਪਣੇ ਲਈ ਤੇ ਦੂਜਿਆਂ

ਲਈ ਵੀ।

13. ਜੋ ਸਾਡੇ ਅਖਤਿਆਰ ਨਹੀਂ ਉਸ ਤੇ ਦੁਖੀ ਹੋਣ ਦਾ ਕੀ ਲਾਭ? ਹੇਠਲੀ ਅਰਦਾਸ ਵੇਖ :

"ਪ੍ਰਭੂ ਮੈਨੂੰ ਇਹ ਨਿਰਮਲ ਸੋਝੀ ਬਖਸ਼ ਕਿ ਜੋ ਮੈਂ ਬਦਲ ਨਹੀਂ ਸਕਦੀ ਉਸਨੂੰ ਮੰਨ ਲਵਾਂ, ਜੋ ਬਦਲ ਸਕਾਂ ਉਸਨੂੰ ਬਦਲਣ ਦੀ ਤਾਕਤ ਬਖਸ਼ ਤੇ ਦੁਹਾਂ ਵਿਚਲਾ ਫਰਕ ਸਮਝ ਸਕਾਂ ਇਹ ਸੁਮਤ ਬਖਸ਼।"

ਜਾਹਿਰ ਹੈ, ਤੂੰ ਆਪਣੇ ਹਾਲਾਤਾਂ ਨੂੰ ਬਦਲ ਨਹੀਂ ਸਕਦੀ- ਮਾਂ ਦੀ ਸਿਹਤ, ਪੜ੍ਹਾਈ ਦੀਆਂ ਲੋੜਾਂ ਪਰ ਪ੍ਰਭੂ ਕਿਰਪਾ ਨਾਲ, ਇਨ੍ਹਾਂ ਪ੍ਰਤੀ ਆਪਣੀ ਸੋਚ ਤਾਂ ਬਦਲ ਸਕਦੀ ਹੈ, ਨਿਮਾਣੀ ਹੋ ਕੇ ਪ੍ਰਭੂ ਅੱਗੇ ਢਹਿ ਤਾਂ ਸਕਦੀ ਹੈ ਕਿ ਮਿਤ੍ਰ ਹੋਣ ਕਰਕੇ ਉਹ ਜਿਵੇਂ ਭਾਵੇਂ ਮੇਰੀ ਜਿੰਦਗੀ ਨੂੰ ਚਲਾਵੇ, ਤੇ ਤੂੰ ਉਸਦੀ ਰਜ਼ਾ ਵਿੱਚ ਰਾਜੀ ਰਹਵੇਂ। ਸ਼ਿਕਾਇਤ ਕਰਦੇ ਨਾ ਕਰੀਂ ਪਰ, ਪੂਰੀ ਕੋਸ਼ਿਸ਼ ਕਰ ਉਠਣ ਦੀ, ਖੇੜੇ ਵਿੱਚ ਰਹਿਣ ਦੀ, ਸਭ ਦੀ ਮਦਦ ਕਰਨ ਦੀ, ਸਭ ਨਾਲ ਪਿਆਰ ਕਰਨ ਦੀ ਤੇ ਕਦੇ ਵੀ ਦੂਜਿਆਂ ਤੇ ਦੋਸ਼ ਨਾ ਲਾਉਣ ਦੀ। ਸਿਰਫ ਪ੍ਰਭੂ ਅੱਗੇ ਅਰਦਾਸ ਕਰ ਮਦਦ ਲਈ, ਉਹ ਜਰੂਰ ਤੇਰੀ ਮਦਦ ਕਰੇਗਾ। ਬਹੁਤ ਵੇਰਾਂ ਅਸੀਂ ਉਸਦੀ ਮਦਦ ਗੁਆ ਲੈਂਦੇ ਹਾਂ ਜਦੋਂ ਆਪਣੇ ਆਪਨੂੰ ਬਹੁਤ ਜ਼ਿਆਦਾ ਸਮਝਦੇ ਹਾਂ।

14. ਗੁਰਮਤਿ ਦੇ ਇੱਕ ਸੰਦੇਸ਼ਵਾਹਕ ਦੇ ਰੂਪ ਵਿੱਚ ਮੇਰੇ ਵਲੋਂ ਤੈਨੂੰ ਪੂਰਾ ਦਿਲਾਸਾ ਤੇ ਉਤਸ਼ਾਹ ਮਿਲਦਾ ਰਹੇਗਾ, ਸੁ ਹੁਣ ਕਦੇ ਇਹ ਨਾ ਸੋਚੀਂ ਕਿ ਤੇਰੀ ਮਦਦ ਕਰਨ ਵਾਲਾ ਕੋਈ ਨਹੀਂ- ਗੁਰੂ ਮੇਰੈ ਸੰਗਿ ਸਦਾ ਹੈ ਨਾਲੇ (ਪੰਨਾ 294) ਇਹ ਤਾਂ ਹੀ ਹੋ ਸਕੇਗਾ ਜੇ ਪਹਿਲਾਂ ਤੇਰਾ ਜੀਵਨ ਗੁਰੂ ਦੇ ਹੁਕਮਾਂ ਤੇ ਚਲਦਾ ਹੋਵੇਗਾ। ਫਿਰ ਤੇਰੇ ਅੰਦਰ ਉਹ ਤਾਕਤ ਆ ਜਾਏਗੀ ਕਿ ਤੂੰ ਸਾਰੀਆਂ ਮੁਸੀਬਤਾਂ ਨਾਲ ਮੁਕਾਬਲਾ ਕਰ ਸਕੇਂ ਜਿਵੇਂ ਤੂੰ ਚਾਹੁੰਦੀ ਹੈਂ ਨਾਲ ਹੀ ਆਪਣੀ ਪੜ੍ਹਾਈ ਤੇ ਗੁਰਮਤਿ ਤੇ ਪੂਰਾ ਧਿਆਨ ਦੇ ਸਕੇਂਗੀ। ਪ੍ਰਭੂ ਨਾਲ ਪਿਆਰ ਕਰ ਤੇ ਉਸਦੀ ਬੱਚੀ ਬਣ ਜਾ; ਗੁਰੂ ਦੀ ਰਹਿਮਤ ਮਦਦ ਤੇ ਪਿਆਰ ਲਈ ਅਰਦਾਸ ਕਰ।

15. ਤੇਰੇ ਬਾਪੂ ਜੀਉਂਦੇ ਹਨ ਪ੍ਰਭੂ ਦੇ ਰੂਪ ਵਿੱਚ ਉਹ ਮਰੇ ਨਹੀਂ 1993 ਵਿੱਚ। ਜੇ ਪ੍ਰਭੂ ਸਾਡੇ ਪਿਤਾ ਹਨ ਤਾਂ ਅਸੀਂ ਸਦਾ ਹੀ ਉਸਦੀ ਸੁਰੱਖਿਆ ਵਿੱਚ ਹਾਂ। ਤੂੰ ਮੈਨੂੰ ਆਪਣਾ ਪਿਤਾ ਕਹਿ ਸਕਦੀ ਹੈਂ, ਪਰ ਕੇਵਲ ਅਧਿਆਤਮਕ ਜੀਵਨ ਲਈ।

16. ਯਾਦ ਰੱਖੀਂ ਕਿ ਕਦੇ ਵੀ ਪ੍ਰਭੂ ਕੋਲੋਂ ਕੋਈ ਦੁਨਿਆਵੀ ਚੀਜ਼ ਨਹੀਂ ਮੰਗਣੀ, ਕੇਵਲ ਉਸਦਾ ਪਿਆਰ ਮੰਗਣਾ ਹੈ। ਉਸਦਾ ਪਿਆਰ ਸੁਭਾਵਕ ਹੀ ਸਾਨੂੰ ਪ੍ਰਭੂ ਦੀ ਸਾਰੀ ਮਲਕੀਅਤ ਦਾ ਵਾਰਿਸ ਬਣਾ ਦੇਂਦਾ ਹੈ ਤੇ ਅਸੀਂ ਸਭ ਕੁਝ ਪਾ ਜਾਂਦੇ ਹਾਂ ਜੋ ਪ੍ਰਭੂ ਠੀਕ ਸਮਝਦੇ ਹਨ।

17. ਅੰਮ੍ਰਿਤ ਵੇਲੇ ਦੀ ਮਹਾਨਤਾ (ਜਪੁਜੀ ਸਾਹਿਬ 'ਚੋਂ) ਯਾਦ ਰਖੀਂ :

*"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*

ਜੁਆਬ-

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

18. ਤੇਰੀ ਵੱਡੀ ਭੈਣ ਦੇ ਵਿਆਹ ਦਾ ਕੰਮ ਵੀ ਪ੍ਰਭੂ ਨੇ ਕਰਨਾ ਹੈ, ਅਸੀਂ ਤਾਂ ਕੇਵਲ ਪ੍ਰਬੰਧ ਕਰ ਸਕਦੇ ਹਾਂ, ਕੰਮ ਤਾਂ ਪ੍ਰਭੂ ਦੀ ਕਿਰਪਾ ਨਾਲ ਪੂਰਾ ਹੁੰਦਾ ਹੈ। ਜਿਵੇਂ-ਜਿਵੇਂ ਪ੍ਰਭੂ ਦਾ ਹੁਕਮ ਹੋਵੇ ਕਰਦੀ ਜਾ, ਪਰ MBA ਦੀ ਪੜ੍ਹਾਈ ਨਾ ਛੱਡੀਂ ਤੇ ਪ੍ਰਭੂ ਦੀ ਕਿਰਪਾ ਤੇ ਭਰੋਸਾ ਰਖੀਂ। ਅਪਣੀ ਹਉਮੈ ਨੂੰ ਭੁਲ ਜਾ; ਤੂੰ ਕੇਵਲ ਕੋਸ਼ਿਸ਼ ਕਰ ਸਕਦੀ ਹੈਂ, ਫੈਸਲਾ ਤਾਂ ਪ੍ਰਭੂ ਨੇ ਕਰਨਾ ਹੈ ਕਿ ਕੀ ਹੋਣਾ ਚਾਹੀਦਾ ਹੈ।

19. ਜੇ ਇਸ ਰਹਿਮਤ ਸੁਨੇਹੇ ਅੰਦਰਲੀ ਸਿੱਖਿਆ ਨੂੰ ਹਮੇਸ਼ਾਂ ਯਾਦ ਰੱਖੇਂ ਤਾਂ ਕਦੇ ਵੀ ਦੁਖੀ ਨਹੀਂ ਹੋਵੇਂਗੀ ਅਤੇ ਤੇਰੇ ਅੰਦਰ ਪਿਆਰ, ਧੀਰਜ ਗੁਣ ਆਉਣਗੇ। ਪ੍ਰਭੂ ਤੇਰੀ ਝੋਲੀ 'ਚ ਨਾਮ ਦੀ ਦਾਤ ਪਾਉਣਗੇ, ਤੂੰ ਪ੍ਰਭੂ ਦੀ ਵਿਸ਼ੇਸ਼ ਬੇਟੀ ਬਣ ਜਾਏਂਗੀ। ਗਹਿਣੇ ਤੇ ਨਵੇਂ ਕਪੜਿਆਂ ਲਈ ਤੇਰਾ ਰੁਝਾਨ ਸੁਭਾਵਿਕ ਹੈ, ਪਰ ਜੋ ਅੰਦਰਲੀ ਸ਼ਾਂਤੀ ਲੋੜਦੇ ਹਨ ਉਹ ਇਨ੍ਹਾਂ ਪਿੱਛੇ ਨਹੀਂ ਭਜਦੇ। ਸੁ ਪ੍ਰਭੂ ਜੋ ਦੇਵੇ ਉਸਨੂੰ ਸ੍ਵੀਕਾਰ ਕਰਨਾ ਚਾਹੀਦਾ ਹੈ। ਤੇਰੀ ਅਸ਼ਾਂਤੀ ਸਮਝ ਆਉਂਦੀ ਹੈ ਕਿਉਂਕਿ ਦ੍ਰਿਸ਼ਟ ਕੁਝ ਵੀ ਸਾਨੂੰ ਸੁਖ ਨਹੀਂ ਦੇ ਸਕਦਾ।

ਮੇਰੀ ਪਿਆਰੀ ਬੱਚੀ, ਜਰਾ ਵਿਚਾਰ ਕਰ, ਜੇ (ਗੁਰੂ ਕਿਰਪਾ ਅੰਦਰ) ਤੂੰ ਮੇਰੀ ਆਪਣੀ ਬੇਟੀ ਨਾ ਹੁੰਦੀ ਤਾਂ ਮੈਂ ਇਤਨਾ ਲੰਮਾ ਗੁਰਮਤਿ ਸੁਨੇਹਾ ਇਤਨੇ ਵਿਸਤਾਰ ਵਿੱਚ ਨਾ ਲਿਖਦਾ। ਵੇਖ, ਪ੍ਰਭੂ ਤੇਰੀ ਮਦਦ ਕਰਨੀ ਚਾਹੁੰਦਾ ਹੈ, ਇਸੇ ਲਈ ਤੂੰ ਮੈਨੂੰ ਲਿਖਿਆ ਤੇ ਮੈਂ ਇਤਨੇ ਵਿਸਤਾਰ ਵਿੱਚ ਲਿਖ ਰਿਹਾ ਹਾਂ।

ਬਹੁਤ-ਬਹੁਤ ਪਿਆਰ, ਪ੍ਰਭੂ ਦੀ ਰਹਿਮਤ ਹੋਵੇ ਤੇਰੇ ਉਪਰ। ਮੈਨੂੰ ਯਕੀਨ ਹੈ ਕਿ ਤੂੰ ਸਾਰੀਆਂ ਮੁਸੀਬਤਾਂ ਨਾਲ ਬੜੇ ਸੁਚੱਜੇ ਢੰਗ ਨਾਲ ਲੜ ਸਕੇਂਗੀ।

ਤੇਰਾ ਪਿਆਰਾ ਪਾਪਾ, ਨੌਕਰ ਪਾਪੀ। ☬

# ਅਨਹਦ ਧੁਨਿ

## ਸਰਦਾਰਾ ਸਿੰਘ

ਮੁੱਖ ਸੰਪਦਾਕ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਮੋਹਾਲੀ

'ਅਨਹਦ' ਅਤੇ 'ਧੁਨ' ਸ਼ਬਦ ਗੁਰਬਾਣੀ ਅੰਦਰ ਬਹੁਤ ਵਾਰ ਆਉਂਦੇ ਹਨ। ਇਹ ਦੋਨੋਂ ਸ਼ਬਦ ਅਧਿਆਤਮਿਕ ਰਾਹ ਦੇ ਬੜੇ ਮਹੱਤਵ ਪੂਰਨ ਅੰਗ ਹਨ।

'ਧੁਨਿ' ਸ਼ਬਦ ਦੇ ਅਰਥ ਹਨ; ਸ਼ਬਦ, ਨਾਦ, ਆਵਾਜ਼ ਦੀ ਗੂੰਜ, ਗਾਉਣ ਦੀ ਧਾਰਨਾ ਜਾਂ ਸੁਰਾਂ ਦਾ ਅਲਾਪ ਆਦਿ। ਨਾਮ ਦੀ ਕਮਾਈ ਅਤੇ ਸਿਮਰਨ ਅਭਿਆਸ ਵਿੱਚ ਧੁਨਿ ਦੇ ਅਖਰੀਂ ਅਰਥ ਤਾਂ ਉਪਰੋਕਤ ਬਿਆਨ ਕੀਤੇ ਹੀ ਹਨ ਪਰ ਇਸ ਦੇ ਭਾਵਾਰਥ ਗੁਰਬਾਣੀ ਅਨੁਸਾਰ ਵਿਚਾਰਿਆਂ ਕੀ ਬਣਦੇ ਹਨ ਅਗਲੇ ਪੰਨਿਆਂ ਵਿੱਚ ਆਪਣੀ ਵੀਚਾਰ ਦਾ ਵਿਸ਼ਾ ਬਣਾ ਰਹੇ ਹਾਂ। ਇਹ ਅਰਥ ਅਖਰੀਂ ਹਨ, ਅਸਲੀਅਤ ਦਾ ਪਤਾ ਅੰਦਰੋਂ ਧੁਨਿ ਦੇ ਪ੍ਰਗਟ ਹੋਣ ਨਾਲ ਹੀ ਲੱਗਦਾ ਹੈ।

ਧੁਨਿ ਸ਼ਬਦ ਦੇ ਨਾਲ ਨਾਲ ਦੋ ਸ਼ਬਦ ਹੋਰ (1) ਅਨਹਦ ਅਤੇ (2) ਅਨਾਹਤ ਵੀ ਵਾਰ-ਵਾਰ ਆਉਂਦੇ ਹਨ।

ਅਨਹਦ ਤੋਂ ਭਾਵ ਹੈ ਹੱਦ ਤੋਂ ਪਰੇ। ਜਿਸ ਦੀ ਕੋਈ ਹੱਦ ਨਾ ਹੋਵੇ। ਭਾਵ ਲਗਾਤਾਰ, ਸੀਮਾਂ ਤੋਂ ਰਹਿਤ, ਅੱਗੇ ਤੋਂ ਅੱਗੇ ਦਿਖਾਈ ਦਿੰਦੀ ਰਹੇ। ਜਿਵੇਂ ਆਕਾਸ਼ ਹੈ, ਸਾਨੂੰ ਇਸ ਦਾ ਕਿਨਾਰਾ ਨਜ਼ਰ ਨਹੀਂ ਆਉਂਦਾ। ਸਾਡੀਆਂ ਅੱਖਾਂ ਨੂੰ ਭੁਲੇਖਾ ਜ਼ਰੂਰ ਪੈਂਦਾ ਹੈ ਕਿ ਅੱਗੇ ਜਾ ਕੇ ਸਾਹਮਣੇ ਨੇੜੇ ਹੀ ਆਸਮਾਨ ਦਾ ਅੰਤ ਹੈ ਜਾਂ ਪਰੇ ਹੋਰ ਕੁਝ ਨਹੀਂ; ਪਰ ਅਜੇਹਾ ਨਹੀਂ ਹੈ। ਆਸਮਾਨ ਦੀ ਕੋਈ ਹੱਦ ਨਹੀਂ। 'ਧੁਨਿ' ਦੇ ਨਾਲ 'ਅਨਹਦ' ਦਾ ਵਰਤਿਆ ਜਾਣਾ ਵੀ ਇਹੋ ਅਰਥ ਰੱਖਦਾ ਹੈ ਕਿ 'ਧੁਨਿ' ਹੱਦ ਤੋਂ ਪਰੇ ਹੈ। ਇਹ ਸੀਮਾਂ-ਰਹਿਤ ਹੈ। ਇਸ ਦਾ ਕੋਈ ਕਿਨਾਰਾ ਨਹੀਂ ਹੈ ਜਿੱਥੇ ਇਹ ਸਮਾਪਤ ਹੁੰਦੀ ਹੋਵੇ। ਇਹ ਅਪਾਰ ਹੈ। *"ਅਨਹਦ ਰੂਪ ਅਨਾਹਤ ਬਾਨੀ॥"*

ਦੂਜਾ ਸ਼ਬਦ 'ਅਨਹਦ' ਜਾਂ 'ਅਨਾਹਤ' ਆਉਂਦਾ ਹੈ। ਇਹ ਦੋਵੇਂ ਰੂਪ ਇੱਕੋ ਹੀ ਅਰਥ ਰੱਖਦੇ ਹਨ। ਅਨ-ਹਤ, ਹੱਤ ਤੋਂ ਬਿਨਾਂ। ਹੱਤ ਚੋਟ ਨੂੰ ਕਿਹਾ ਜਾਂਦਾ ਹੈ। ਚੋਟ ਮਾਰਨ ਤੋਂ ਬਿਨਾਂ ਅਸੀਂ ਵੇਖਦੇ ਹਾਂ ਕਿ ਖੜਕਾ, ਆਵਾਜ਼, ਨਾਦ ਜਾਂ ਧੁਨਿ ਜੋ ਉਪਜਦੀ ਹੈ, ਨਹੀਂ ਉਪਜ ਸਕਦੀ। ਉਹ ਦੋ ਵਸਤਾਂ ਦੇ ਆਪਸ ਵਿੱਚ ਟਕਰਾਉਣ ਨਾਲ, ਇੱਕ ਨੂੰ ਦੂਜੀ ਤੇ ਮਾਰਨ ਨਾਲ, ਉਪਜਦੀ ਹੈ ਜਾਂ ਇੱਕ ਦੂਜੀ ਤੇ ਰਗੜ ਪਾਉਣ ਨਾਲ ਪੈਦਾ ਹੁੰਦੀ ਹੈ। ਪਰ ਜਿਸ ਧੁਨਿ ਦੀ ਗੱਲ ਗੁਰਬਾਣੀ ਵਿੱਚ ਆਖੀ ਗਈ ਹੈ, ਉਹ ਧੁਨਿ ਬਿਨਾਂ ਕਿਸੇ ਚੋਟ ਮਾਰੇ ਦੇ ਉਪਜਦੀ ਹੈ। ਇਸ ਲਈ ਉਸ ਨੂੰ ਅਨਾਹਤ ਕਿਹਾ ਗਿਆ ਹੈ।

*"ਦਰ ਵਾਜਹਿ ਅਨਹਤ ਵਾਜੇ ਰਾਮ॥"*

ਬਾਹਰ ਅਸੀਂ ਕੋਈ ਬਾਜਾ ਬਜਦਾ ਸੁਣਾਂਗੇ, ਉਸ ਆਵਾਜ਼ ਨੂੰ ਬਿਨਾਂ ਕਿਸੇ ਰਗੜ ਦੇ ਪੈਦਾ ਨਹੀਂ ਕੀਤਾ ਜਾ ਸਕਦਾ। ਢੋਲ ਉੱਤੇ ਲੱਕੜ ਨਾਲ ਚੋਟਾਂ ਮਾਰਨੀਆਂ ਪੈਂਦੀਆਂ ਹਨ। ਢੋਲਕੀ ਜਾਂ ਤਬਲੇ ਤੇ ਹੱਥ ਮਾਰਨੇ ਪੈਂਦੇ ਹਨ। ਬੀਨ, ਬਾਜੇ ਜਾਂ ਬੰਸਰੀ ਤੇ ਫੂਕ ਦੀ ਰਗੜ ਦੇਣੀ ਪੈਂਦੀ ਹੈ, ਪਰ ਜੋ ਅੰਤਰ-ਆਤਮੇ ਦੀ ਧੁਨਿ ਹੈ ਇਹ ਕਿਸੇ ਸਹਾਰੇ (ਚੋਟ, ਫੂਕ) ਤੋਂ ਬਿਨਾਂ ਹੀ ਵੱਜਦੀ ਹੈ!

**ਧੁਨਿ ਕੀ ਹੈ?**

ਦਸਮ ਗ੍ਰੰਥ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ :

*ਪ੍ਰਿਥਮੇ ਓਅੰਕਾਰਿ ਤਿਨਿ ਕਹਾ।*
*ਸੋ ਧੁਨਿ ਪੂਰ ਜਗਤ ਮੋ ਰਹਾ॥*
*ਤਾਤੇ ਜਗਤ ਭਯੋ ਬਿਸਥਾਰਾ।*
*ਪੁਰਖ ਪ੍ਰਕ੍ਰਿਤੀ ਜਬ ਦੁਹੰ ਬਿਚਾਰਾ॥*

ਜਦੋਂ ਵਾਹਿਗੁਰੂ ਜੀ ਨੇ ਇਸ ਸੰਸਾਰ ਦੀ ਪਹਿਲੇ ਪਹਿਲ ਰਚਨਾ ਕੀਤੀ ਤਾਂ ਆਪ ਨੇ ਇੱਕ ਸ਼ਬਦ ਬੋਲਿਆ, "ਕੀਤਾ ਪਸਾਉ ਏਕੋ ਕਵਾਉ" ਉਹ ਸ਼ਬਦ ਕੀ ਸੀ, ਉਹ ਸੀ 'ਓਅੰਕਾਰਿ ਸ਼ਬਦ ਤੋਂ ਇੱਕ ਧੁਨਿ ਨਿਕਲੀ ਜੋ ਸਾਰੇ ਖਲਾਅ ਵਿੱਚ ਫੈਲ ਗਈ ਅਤੇ ਸਾਰੇ ਪਾਸੇ ਪਰੀਪੂਰਨ ਹੋ ਗਈ ਤਾਂ ਇਸ ਧੁਨਿ ਤੋਂ ਹੀ ਸਤਿਗੁਰੂ ਜੀ ਇਸ ਸੰਸਾਰ ਦੀ ਉਤਪਤੀ ਹੋਈ ਦੱਸਦੇ ਹਨ ਅਤੇ ਉਸ ਵੇਲੇ ਪ੍ਰਕ੍ਰਿਤੀ ਤੇ ਪੁਰਖ ਦੋ ਵਸਤਾਂ ਹੋਂਦ ਵਿੱਚ ਆਈਆਂ ਪ੍ਰਕ੍ਰਿਤੀ ਸਰਗੁਣ ਸਰੂਪ ਹੈ ਜੋ ਅਸੀਂ ਅਪਣੀਆਂ ਅੱਖਾਂ ਨਾਲ ਇਹ ਸੰਸਾਰ ਵੇਖ ਰਹੇ ਹਾਂ ਅਤੇ ਇਸ ਵਿੱਚ ਦੋ ਸ਼ਕਤੀ ਗੁਪਤ ਰੂਪ ਵਿੱਚ ਰਮੀ ਹੋਈ ਹੈ ਉਹ ਧੁਨਿ ਰੂਪ ਵਿੱਚ ਹੀ ਆਪ ਵਾਹਿਗੁਰੂ ਜੀ (ਓਅੰਕਾਰਿ) ਰਮੇ ਹੋਏ ਹਨ।

ਇਸੇ ਕਰਕੇ ਸਿਮ੍ਰਿਤੀਆਂ, ਸ਼ਾਸਤ੍ਰਾਂ ਅਤੇ ਵੇਦਾਂ (ਧਾਰਮਿਕ ਗ੍ਰੰਥਾਂ) ਨੇ ਨਾਮ ਨੂੰ, ਧੁਨਿ ਨੂੰ ਅਤੇ ਸ਼ਬਦ ਨੂੰ ਗੋਬਿੰਦ ਦੇ ਗੁਣ ਕਰਕੇ ਬਿਆਨੇ ਹਨ :

*ਗੁਣ ਗੋਬਿੰਦ ਨਾਮ ਧੁਨਿ ਬਾਣੀ॥*

*ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥* (296)

ਧੁਨੀ ਐਸੀ ਹੈ ਜਿਵੇਂ ਕਾਂਸੀ ਦੀ ਘੰਟੀ ਵਿੱਚੋਂ ਆਵਾਜ਼ ਨਿਕਲਦੀ ਹੈ। ਧੁਨਿ ਹੌਲੀ-ਹੌਲੀ ਘਟਦੀ ਘਟਦੀ ਮੁੜ ਕੇ ਘੰਟੀ ਵਿੱਚ ਹੀ ਸਮਾ ਜਾਂਦੀ ਹੈ। ਧੁਨਿ ਆਵਾਜ਼ ਹੈ, ਇੱਕ ਸ਼ਬਦ ਹੈ। ਓਅੰਕਾਰਿ ਦੀ ਧੁਨਿ ਸਾਡੀ ਪ੍ਰਕਿਰਤੀ ਵਿੱਚ ਰਮੀ ਹੋਈ ਹੈ, ਨਾਮ ਤੋਂ ਨਿਕਲੀ ਹੈ ਅਤੇ ਨਾਮ ਵਿੱਚ ਹੀ ਸਮਾਈ ਰਹਿੰਦੀ ਹੈ।

*ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ॥*
*ਕਾਸੀ ਫੂਟੀ ਪੰਡਿਤਾ ਧੁਨਿ ਕਹਾ ਸਮਾਈ॥* (857)

ਜਿੱਥੇ ਕਿਤੇ ਸ਼ਬਦ ਦੀ ਅਤੇ ਬਾਣੀ ਦੀ ਗੱਲ ਕਹੀ ਗਈ ਹੈ, ਆਮ ਤੌਰ ਤੇ ਨਾਲ ਹੀ ਧੁਨਿ ਦਾ ਜ਼ਿਕਰ ਵੀ ਹੈ। ਇੱਕੋ ਹੀ ਵਸਤੂ ਦੇ ਤਿੰਨ ਰੂਪ ਹਨ, ਪਰ ਹੈਨ ਇੱਕੋ ਹੀ।

*ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ॥*
*ਅਨਦਿਨੁ ਸਚੁ ਸਲਾਹਣਾ*
*ਧਨੁ ਧਨੁ ਵਡਭਾਗ ਹਮਾਰਾ॥* (564)

ਸੱਚੇ ਵਾਹਿਗੁਰੂ ਦੀ ਬਾਣੀ ਸੱਚ ਹੈ, ਉਸਦਾ ਸ਼ਬਦ ਸੱਚ ਹੈ ਅਤੇ ਧੁਨਿ ਵੀ ਸੱਚੀ ਹੈ। ਸਭ ਸੱਚੋ ਸੱਚ ਹੈ। ਸੱਚ ਦਾ ਹੀ ਰੂਪ ਹੈ। 'ਧੁਨਿ' ਵਿੱਚ ਅਨਹਦ ਬਾਜੇ ਬਜਦੇ ਹਨ। ਅਨਹਦ ਸ਼ਬਦ, ਆਤਮਿਕ ਮੰਡਲ ਦਾ ਸੰਗੀਤ ਹੈ। ਆਤਮਿਕ ਅਨੰਦ ਦੀ ਸੰਗੀਤਕ ਅਵਸਥਾ ਹੈ।

ਕਈ ਮੱਤਾਂ ਦੇ ਅਨੁਸਾਰ 'ਅਨਹਦ ਨਾਦ' ਪੰਜ ਤਰ੍ਹਾਂ ਦੇ ਹਨ, ਜਿਹੜੇ ਕਿ ਦਸਮ-ਦੁਆਰ ਵਿੱਚੋਂ ਸੁਣਾਈ ਦਿੰਦੇ ਹਨ। ਇਹ ਪੰਜ ਤਰ੍ਹਾਂ ਦੀਆਂ ਸਾਜਾਂ ਦੀਆਂ ਆਵਾਜ਼ਾਂ ਹਨ ਜਿਵੇਂ ਕਿ (1) ਤਾਰ ਵਾਲੇ ਸਾਜ਼ (2) ਚੰਮ ਨਾਲ ਮੜ੍ਹੇ ਹੋਏ ਸਾਜ਼ (3) ਧਾਤ ਦੇ ਬਣੇ ਸਾਜ਼ (4) ਘੜੇ ਦੀ ਆਵਾਜ਼ (5) ਫੂਕ ਮਾਰਨ ਵਾਲੇ ਸਾਜ਼। ਜੋਗੀ ਸੰਪ੍ਰਦਾ ਵਾਲੇ ਇਹਨਾਂ ਦੀ ਗਿਣਤੀ ਦਸ ਦੱਸਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸਰੀਰ ਦੇ ਛੇ ਚੱਕਰਾਂ ਤੋਂ ਉੱਪਰ ਲੰਘ ਕੇ ਦਸਵਾਂ ਦੁਆਰ ਹੈ। ਛੇ ਚੱਕਰ ਹਨ :

(1) ਮੂਲਾਧਾਰੁ (ਗੁਦਾ ਮੰਡਲ ਦਾ ਚੱਕਰ) (2) ਸ੍ਵਾਧਿਸਠਾਨ- (ਲਿੰਗ ਦੀ "ਜੜ ਵਿੱਚ) (3) ਮਣੀਪੁਰ ਚੱਕਰ (ਧੁਨੀ ਦੇ ਕੋਲ) (4) ਅਨਾਹਤ ਚੱਕਰ (ਦਿਲ ਦੇ ਵਿੱਚ) (5) ਆਗਿਆ ਚੱਕਰ (ਭਵਾਂ ਦੇ ਵਿਚਕਾਰ ਮੱਥੇ ਵਿੱਚ) ਉਨ੍ਹਾਂ ਦਾ ਖਿਆਲ ਹੈ ਕਿ ਸੁਆਸ ਇਨ੍ਹਾਂ ਛੇ ਚੱਕਰਾਂ ਵਿੱਚੋਂ ਲੰਘਦਾ ਹੋਇਆ ਦਸਮ ਦੁਆਰ ਪਹੁੰਚਦਾ ਹੈ। ਦਸਮ ਦੁਆਰ ਦੇ ਖੁਲ੍ਹਣ ਨਾਲ ਦਸ ਤਰ੍ਹਾਂ ਦੀਆਂ ਆਵਾਜ਼ਾਂ (ਧੁਨੀਆਂ) ਸੁਣਾਈ ਦਿੰਦੀਆਂ ਹਨ। ਉਹ ਇਨ੍ਹਾਂ ਧੁਨੀਆਂ ਨੂੰ ਇਸ ਤਰ੍ਹਾਂ ਗਿਣਦੇ ਹਨ :

(1) ਭੰਵਰੇ ਦੀ ਗੁੰਜਾਰ (2) ਸੰਖ (3) ਮਿਰਦੰਗ (4) ਤਾਲ (5) ਘੰਟਾ (6) ਬੀਣਾ (7) ਭੇਰੀ (8) ਦੁਦੰਭਿ (9) ਸਮੁੰਦਰ ਦੀ ਗਰਜ (10) ਬੱਦਲਾਂ ਦੀ ਘੰਘੋਰ।

ਗੁਰਬਾਣੀ ਅੰਦਰ ਕਈ ਥਾਂ ਤੇ ਅਨਹਦ ਨਾਦ ਦੇ ਨਾਲ ਪੰਜ ਸ਼ਬਦ ਆਉਂਦਾ ਹੈ ਪਰ ਆਮ ਤੌਰ ਤੇ ਪੰਚ ਸ਼ਬਦ ਲਿਖਿਆ ਮਿਲਦਾ ਹੈ।

*ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਣੀ॥*
*ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥*
(1350)

ਪੰਚ ਸ਼ਬਦ ਤੋਂ ਭਾਵ 'ਸ੍ਰੇਸ਼ਟ' ਵੀ ਹੈ ਅਤੇ ਪੰਜ ਵੀ ਕਈ ਥਾਂ ਲੱਗਦਾ ਹੈ। ਅਨਹਦ ਨਾਦ ਧੁਨਿ ਜੋ ਪ੍ਰਗਟ ਹੁੰਦੀ ਹੈ ਇਸ ਵਿੱਚ ਠੀਕ ਹੈ, ਆਪਣੇ ਆਪਣੇ ਅਨੁਭਵ ਦੇ ਮੁਤਾਬਕ ਮਹਾਂਪੁਰਸ਼ ਗਿਣਤੀ ਦੱਸਦੇ ਹਨ ਪਰ ਵਾਹਿਗੁਰੂ ਦੇ ਦਰਬਾਰ ਵਿੱਚ ਤਾਂ ਇਨ੍ਹਾਂ ਦੀ ਗਿਣਤੀ ਅਸੰਖਾਂ ਵਿੱਚ ਹੈ :

*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
(ਜਪੁਜੀ 27)

ਸੋ ਪਰਮਾਤਮਾ ਦੀ ਕਿਸੇ ਵੀ ਪ੍ਰਕ੍ਰਿਤਿਕ ਵਸਤੂ ਨੂੰ ਹੱਦ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਬੇਅੰਤ ਹੀ ਬੇਅੰਤ ਹੈ। ਅਨੇਕਾਂ ਹੀ ਨਾਦ ਹਨ ਅਤੇ ਅਸੰਖਾਂ ਹੀ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

ਇਸੇ ਓਅੰਕਾਰ ਦੀ ਧੁਨਿ ਦਾ ਰਾਗ ਆਲਾਪਨ ਵਾਸਤੇ ਮਹਾਰਾਜ ਨੇ ਕੀਰਤਨੀਆਂ ਨੂੰ ਹਦਾਇਤ ਕੀਤੀ ਹੈ। ਵਾਹਿਗੁਰੂ ਜੀ ਸਰਬਵਿਆਪਕ ਹਨ, ਉਸੇ ਤਰ੍ਹਾਂ ਧੁਨਿ ਵੀ ਸਰਬ-ਵਿਆਪਕ ਹੈ :

*ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥*
*ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥ (884)*

ਮੋਟੇ ਤੌਰ ਤੇ ਸਮਝਣ ਲਈ ਕਹਿ ਸਕਦੇ ਹਾਂ ਕਿ ਜਿਵੇਂ ਕਾਂਸੀ ਦੀ ਘੰਟੀ ਤੇ ਹਥੌੜਾ ਮਾਰਿਆ ਜਾਂਦਾ ਹੈ ਟਨ ਟਨ ਦੀ ਆਵਾਜ਼ ਆਉਂਦੀ ਹੈ, ਪਰ ਟਨ ਟਨ ਦੀ ਆਵਾਜ਼ ਤੋਂ ਬਾਅਦ ਇੱਕ ਧੁੰਨ ਉਸ ਵਿੱਚੋਂ ਕਾਫੀ ਸਮੇਂ ਤਕ ਸੁਣਾਈ ਦਿੰਦੀ ਰਹਿੰਦੀ ਹੈ। ਇਹ ਧੁਨਿ ਹੈ, ਅਤੇ ਆਪਣੇ ਆਪ ਹੀ ਫੇਰ ਉਹ ਘੰਟੀ ਵਿੱਚ ਹੀ ਸਮਾ ਜਾਂਦੀ ਹੈ। ਓਅੰਕਾਰਿ ਦੀ ਧੁਨਿ ਦਾ ਫਰਕ ਇਹ ਹੈ ਕਿ ਬਿਨ੍ਹਾਂ ਕਿਸੇ ਸੱਟ ਤੋਂ ਪ੍ਰਗਟ ਹੁੰਦੀ ਹੈ। ਨਾਮ-ਅਭਿਆਸ ਦੀ ਕਮਾਈ ਕਰਦੇ ਕਰਦੇ ਜਦੋਂ ਇਹ ਸਤਿਗੁਰੂ ਜੀ ਪਾਸ ਮੰਜ਼ੂਰ ਹੋ ਜਾਂਦੀ ਹੈ ਤਾਂ ਸਮਾਧੀ ਦੀ ਅਵਸਥਾ (ਸ਼ਬਦ-

ਸੁਰਤਿ-ਸੁਆਸ ਦੇ ਸੁਮੇਲ) ਵਿੱਚੋਂ ਜਿੱਥੇ ਫੁਰਨੇ ਖਤਮ ਹੋ ਜਾਂਦੇ ਹਨ, ਜਦੋਂ ਸੰਸਾਰ ਤੋਂ ਪੂਰੀ ਤਰ੍ਹਾਂ ਤੋੜ ਫੋੜ (detachment) ਹੋ ਜਾਂਦੀ ਹੈ ਅਤੇ ਵਾਹਿਗੁਰੂ ਜੀ ਨਾਲ ਲਗਾਉ (attachemnt) ਇਕਮਿਕਤਾ ਹੋ ਜਾਂਦੀ ਹੈ, ਉਸ ਵੇਲੇ ਇਹ ਧੁਨਿ ਆਤਮਿਕ ਮੰਡਲ ਵਿੱਚ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਪੈਦਾ ਹੋ ਕੇ ਜਗਿਆਸੂ ਨੂੰ ਸੁਣਾਈ ਦਿੰਦੀ ਹੈ।

**ਧੁਨਿ ਦਾ ਟਿਕਾਣਾ**

'ਧੁਨਿ' ਦੇ ਟਿਕਾਣੇ ਦੀ ਬਾਬਤ ਕਿ ਧੁਨਿ ਕਿੱਥੇ ਵੱਸਦੀ ਹੈ ਅਤੇ ਕਿੱਥੋਂ ਪ੍ਰਗਟ ਹੁੰਦੀ ਹੈ? ਗੁਰਬਾਣੀ ਵਿੱਚ ਬਿਲਕੁਲ ਸਪਸ਼ਟ ਬਚਨ ਹਨ। ਇਸ ਦਾ ਟਿਕਾਣਾ ਇਸ ਦੇਹੀ ਅੰਦਰ ਦਸਮ-ਦੁਆਰ, ਨਿਜਘਰ, ਮਸ਼ਤੱਕ ਦੱਸੇ ਜਾਂਦੇ ਹਨ। ਦਸਵੇਂ ਦੁਆਰ ਨੂੰ ਹੀ ਨਿਜ ਘਰ ਬਿਆਨਿਆ ਹੈ। ਨਿਜ ਘਰ ਤੋਂ ਭਾਵ ਸਾਡਾ ਅਸਲੀ ਟਿਕਾਣਾ, ਸਾਡੀ ਆਤਮਾ ਦਾ ਨਿਵਾਸ, ਜਿਸ ਅਸਥਾਨ ਤੇ ਹੁੰਦਾ ਹੈ, ਉਸ ਨੂੰ ਦਸਮ-ਦੁਆਰ ਆਖਿਆ ਜਾਂਦਾ ਹੈ। ਬਾਹਰੀ ਤੌਰ ਤੇ ਸਰੀਰ ਨੂੰ ਨੌਂ ਦਰਵਾਜ਼ੇ ਹਨ ਅਤੇ ਦਸਵਾਂ ਦਰਵਾਜ਼ਾ ਗੁਪਤ ਆਤਮਿਕ ਮੰਡਲ ਦਾ ਹੈ ਜੋ ਸ਼ਬਦ ਨਾਲ ਖੁਲ੍ਹਦਾ ਹੈ ਤਾਂ ਅਨਹਦ ਨਾਦ ਸੁਣਾਈ ਦਿੰਦਾ ਹੈ :

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
(954)

ਸੋ ਸਾਫ ਹੈ ਕਿ ਜਦੋਂ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਕਰਦੇ ਸਖਤ ਦਰਵਾਜੇ (ਬਜਰ ਕਪਾਟ) ਖੁਲ੍ਹਦੇ ਹਨ ਤਾਂ ਦਸਵਾਂ ਦੁਆਰ ਨਜ਼ਰ ਆਉਂਦਾ ਹੈ ਫੇਰ ਧੁਨਿ ਵਾਲੇ ਅਨਹਦ ਵਾਜੇ ਵੱਜਦੇ ਅਭਿਆਸੀ ਨੂੰ ਸੁਣਾਈ ਦਿੰਦੇ ਹਨ।

ਸਤਿਗੁਰੂ ਜੀ ਹੋਰ ਫੁਰਮਾਉਂਦੇ ਹਨ :

*ਅਦਿਸਟੁ ਅਗੋਚਰੁ ਪਾਰਬ੍ਰਹਮ ਮਿਲਿ*
*ਸਾਧੂ ਅਕਥੁ ਕਥਾਇਆ ਥਾ॥*
*ਅਨਹਦ ਸਬਦੁ ਦਸਮ ਦੁਆਰਿ ਵਜਿਓ*
*ਤਹ ਅੰਮ੍ਰਿਤ ਨਾਮੁ ਚੁਆਇਆ ਥਾ॥ (1002)*

ਕੇਵਲ ਧੁਨਿ ਵਾਲੇ ਵਾਜੇ ਹੀ ਨਹੀਂ ਵੱਜਦੇ ਬਲਕਿ ਅੰਮ੍ਰਿਤ ਵੀ ਚੋਂਦਾ ਹੈ। ਅੰਮ੍ਰਿਤ ਦਾ ਸੁਆਦ ਅਨੁਭਵ ਹੁੰਦਾ ਹੈ। ਆਤਮਾ ਦੇ ਧੁਰ ਅੰਦਰ ਟਿਕਾਓ ਵਾਲਾ ਰਾਗ ਸੁਣੀਂਦਾ ਹੈ। ਅੱਕਥ ਪ੍ਰਭੂ ਅਤੇ ਨਾ ਦਿੱਸਣ ਵਾਲੇ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਿਰ। ਪਾਰਬ੍ਰਹਮ ਦੇ ਭੇਦ ਸਾਧੂ (ਗੁਰੂ) ਨਾਲ ਮਿਲ ਕੇ ਬਿਆਨ ਹੋ ਗਏ ਹਨ।

ਜਦੋਂ ਦਸਵੇਂ ਦੁਆਰ ਵਿੱਚ ਧੁਨਿ ਪ੍ਰਗਟ ਹੋ ਜਾਂਦੀ ਹੈ ਜਗਿਆਸੂ ਨੂੰ ਅੰਮ੍ਰਿਤ ਪੀ ਕੇ ਸਹਿਜ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ :

*ਅੰਮ੍ਰਿਤ ਰਸੁ ਸਤਿਗੁਰ ਚੁਆਇਆ॥*
*ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥*
*ਤਹ ਅਨਹਦ ਸਬਦ ਵਜਹਿ ਧੁਨਿ ਬਾਣੀ*
*ਸਹਜੇ ਸਹਜਿ ਸਮਾਈ ਹੇ॥ (1039)*

ਇਸ ਤਰ੍ਹਾਂ ਮਨੁੱਖ ਆਤਮਿਕ ਅਡੋਲ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਦਸਵੇਂ ਦੁਆਰ ਨੂੰ ਨਿਜ ਘਰ ਵੀ ਕਿਹਾ ਗਿਆ ਹੈ ਅਤੇ ਉਹ ਸ਼ਬਦ ਜਿਸ ਨੇ ਸਾਰੇ ਸੰਸਾਰ ਨੂੰ ਥੰਮਿਆ ਹੋਇਆ ਹੈ ਇੱਥੇ ਵੱਸਦਾ ਹੈ ਅਤੇ ਉਸ ਦੀ ਅਡੋਲ ਧੁਨਿ ਭੋਜਨ ਦਾ ਰੂਪ ਧਾਰ ਕੇ ਜਗਿਆਸੂ ਨੂੰ ਤ੍ਰਿਪਤ ਕਰਦੀ ਹੈ। ਇਹ ਅਵਸਥਾ ਉਦੋਂ ਪਹੁੰਚਦੀ ਹੈ ਜਦੋਂ ਸਤਿਗੁਰੂ ਨੂੰ ਮਿਲ ਕੇ ਮਨ ਆਪਣੇ ਆਤਮੇਂ ਦੀ ਪਛਾਣ ਕਰਦਾ ਹੈ ਅਤੇ ਭਟਕਣ ਛੱਡ ਕੇ ਨਿਜ ਘਰ ਨੂੰ ਪ੍ਰਾਪਤ ਕਰ ਲੈਂਦਾ ਹੈ :

*ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ*
*ਨਿਜ ਘਰਿ ਵਸਿਆ ਆਇ॥*
*ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਇ॥*
*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥* (440)

ਜਦੋਂ ਹਿਰਦੇ ਵਿੱਚ ਨਾਮ ਹੋਵੇਗਾ, ਤਾਂ ਸਦਾ ਹੀ ਧੁਨਿ ਦਾ ਅਨੁਭਵ ਹੋਵੇਗਾ। ਪਰ ਨਾਮ ਦੇ ਧਨ ਤੋਂ ਬਿਨਾਂ ਬੰਦਾ ਨਿਰਧਨ ਹੈ ਅਤੇ ਧੁਨਿ ਦੀ ਪ੍ਰਾਪਤੀ ਨਹੀਂ ਹੋ ਸਕਦੀ।

*ਹਿਰਦੈ ਨਾਮੁ ਸਦਾ ਧੁਨਿ ਨਿਹਚਲ*
*ਘਟੈ ਨ ਕੀਮਤਿ ਪਾਈ॥*
*ਬਿਨੁ ਨਾਵੈ ਸਭੁ ਕੋਈ ਨਿਰਧਨੁ*
*ਸਤਿਗੁਰਿ ਬੂਝ ਬੁਝਾਈ॥*

ਅਸਲ ਵਿੱਚ ਸਤਿ ਸੰਗਤ ਕਰਦੇ ਹੋਏ, ਗੁਰਬਾਣੀ ਦਾ ਪਾਠ ਕਰਦੇ ਹੋਏ। ਮਨ ਭਿੱਜਦਾ ਹੈ, ਰੀਝਦਾ ਹੈ, ਰਸ ਪੀਂਦਾ ਹੈ, ਉਸ ਵੇਲੇ ਨਿੱਜ ਘਰ (ਦਸਮ ਦੁਆਰ) ਵਿੱਚੋਂ ਮਿੱਠੀਆਂ-ਮਿੱਠੀਆਂ ਧੁਨੀਆਂ ਉੱਠਦੀਆਂ ਹਨ। ਬਾਜੇ ਸੁਣਾਈ ਦਿੰਦੇ ਹਨ ਅਤੇ ਅੰਮ੍ਰਿਤ ਰਸ ਝਰਦਾ ਹੈ :

*ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ*
*ਮਨੁ ਭੀਨਾ ਨਿਜ ਘਰਿ ਆਵੈਗੋ॥*
*ਤਹ ਅਨਹਤ ਧੁਨੀ ਬਾਜਹਿ*
*ਨਿਤ ਬਾਜੇ ਨੀਝਰ ਧਾਰ ਚੁਆਵੈਗੋ॥* (1308)

ਧੁਨਿ ਦਾ ਨਿਸ਼ਾਨ ਮੱਥੇ ਵਿੱਚ ਪੈਂਦਾ ਹੈ। ਜਗਿਆਸੂ ਕਹਿ ਉੱਠਦਾ ਹੈ, ਐ ਮਾਲਿਕ! ਅਸੀਂ ਪਿਛਲੇ ਜਨਮ ਤੋਂ ਤੇਰੇ ਸੇਵਕ ਹਾਂ। ਹੁਣ ਇਸ ਜਨਮ ਵਿੱਚ ਕਿਵੇਂ ਪਿੱਛੇ ਹੱਟ ਸਕਦੇ ਹਾਂ।

ਤੇਰੇ ਦੁਆਰੇ ਦੀ ਜੋ 'ਸਹਜ ਧੁਨਿ' ਹੈ ਮੇਰੇ ਵਿੱਚ ਪ੍ਰਗਟ ਹੋ ਗਈ ਹੈ। ਮੈਂ ਦਾਗਿਆ ਗਿਆ ਹਾਂ। ਤੇਰਾ ਹੋਣ ਦਾ ਨਿਸ਼ਾਨ ਮੇਰੇ ਮੱਥੇ ਤੇ ਪੈ ਪਿਆ ਹੈ।

ਜਿਨ੍ਹਾਂ ਉੱਤੇ ਆਪਣੇ ਮਾਲਕ ਦੇ ਸਿਪਾਹੀ ਦਾ ਹੋਣ ਦਾ ਨਿਸ਼ਾਨ ਤੋਂ ਵਿਰਵੇ ਹੁੰਦੇ ਹਨ, ਉਹ ਔਖ ਪੈਣ ਤੇ ਭੱਜ ਜਾਂਦੇ ਹਨ। ਮੈਂ ਹੁਣ ਨਹੀਂ ਭੱਜਦਾ। ਤੇਰਾ ਹੋ ਕੇ ਰਹਾਂਗਾ। ਮੈਨੂੰ ਸਾਧੂ ਬਣਾ ਕੇ ਭਗਤੀ ਦਾਨ ਬਖਸ਼ੋ ਜੀ।

*ਪੂਰਬ ਜਨਮ ਹਮ ਤੁਮਰੇ ਸੇਵਕ*
*ਅਬ ਤਉ ਮਿਟਿਆ ਨ ਜਾਈ॥*
*ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥*
*ਦਾਗੇ ਹੋਹਿ ਸੁ ਰਨ ਮਹਿ ਜੂਝਹਿ*
*ਬਿਨੁ ਦਾਗੇ ਭਗਿ ਜਾਈ॥*
*ਸਾਧੂ ਹੋਇ ਸੁ ਭਗਤਿ ਪਛਾਨੈ*
*ਹਰਿ ਲਈ ਖਜਾਨੈ ਪਾਈ॥* (969)

ਸ਼ਬਦ ਸੁਰਤਿ ਦੇ ਸੁਮੇਲ ਨਾਲ ਇਹ ਖਟ ਮਟ ਦੇਹੀ ਵਿੱਚ ਧੁਨਿ ਪ੍ਰਗਟ ਹੋ ਗਈ। ਖਟ ਮਟ, ਤੋਂ ਭਾਵ ਛੇ ਚੱਕਰਾਂ ਵਾਲਾ ਮੱਠ, ਭਾਵ ਦੇਹੀ।

*ਖਟੁ ਮਟੁ ਦੇਹੀ ਮਨੁ ਬੈਰਾਗੀ॥*
*ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥*
*ਵਾਜੈ ਅਨਹਦੁ ਮੇਰਾ ਮਨੁ ਲੀਣਾ॥*
*ਗੁਰ ਬਚਨੀ ਸਚਿ ਨਾਮਿ ਪਤੀਣਾ॥* (903)

ਮਨ ਵਿੱਚ ਬੈਰਾਗ ਪੈਦਾ ਹੋਣ ਨਾਲ 'ਧੁਨਿ' ਜਾਗ ਪਈ ਅਤੇ ਅਨਹਦ ਬਾਜੇ ਸੁਣਾਈ ਦਿੱਤੇ।

ਇਹ ਧੁਨਿ ਕੋਈ ਆਰਜ਼ੀ ਨਹੀਂ ਕਿ ਐਵੇਂ ਮਿੰਟ ਦੋ ਮਿੰਟ ਲਈ ਆਈ ਫੇਰ ਖਤਮ ਹੋ ਗਈ। ਇਹ ਲਗਾਤਾਰ ਚਲਦੀ ਹੈ, ਸਰਬਵਿਆਪਕ ਹੈ, ਲੋੜ ਹੈ ਆਪਣੇ ਹਿਰਦੇ ਵਿੱਚ ਨਾਮ ਵਸਾਉਣ ਦੀ ਅਤੇ ਧੁਨਿ ਨੂੰ ਸਦਾ ਸੁਣਨ ਦੀ :

*ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥*
*ਕਥਾ ਕੀਰਤਨ ਆਨੰਦ ਮੰਗਲ ਧੁਨਿ*
*ਪੂਰ ਰਹੀ ਦਿਨਸੁ ਅਰੁ ਰਾਤਿ॥* (820)

ਧੁਨਿ ਅਤੇ ਧੁਨਿ ਦੇ ਟਿਕਾਣੇ ਬਾਰੇ ਗੁਰਬਾਣੀ ਦੀ ਵੀਚਾਰ ਕੀਤੀ ਹੈ। ਇਉਂ ਲੱਗਦਾ ਹੈ ਕਿ ਧੁਨਿ ਦੇ ਪ੍ਰਗਟ ਹੋਣ ਤੋਂ ਬਿਨਾਂ ਸਿੱਖ ਅਧੂਰਾ ਹੈ। ਅਜੇ ਸਿਮਰਨ ਵਿੱਚ ਹੋਰ ਘਾਲਣਾ ਘਾਲਣ ਦੀ ਲੋੜ ਹੈ। ਹੋਰ ਭਾਵੇਂ ਕਿੰਨੇ ਹੀ ਅਡੰਬਰ ਸਿੱਖ ਕਰਦਾ ਹੈ, ਅੰਤਰ ਆਤਮੇ ਗੁਰਬਾਣੀ ਦਾ ਪ੍ਰਕਾਸ਼ ਉਦੋਂ ਹੀ ਹੋਵੇਗਾ ਜਦੋਂ ਅੰਦਰੋਂ ਧੁਨਿ ਨੂੰ ਸੁਣੇਗਾ। ਸੋ ਵੀਰੋ! ਵੀਚਾਰ ਕਰੋ ਜ਼ਰਾ! ਕੀ ਅਸੀਂ ਧੁਨਿ ਸੁਣਨ ਦੇ ਪਾਤਰ ਬਣੇ ਹਾਂ ਜਾਂ ਅਧਿਕਾਰੀ ਹੋ ਗਏ ਹਾਂ, ਸੋਚੋ! ਨਹੀਂ ਤਾਂ ਉਪਰਾਲਾ ਕਰੀਏ ਕਿ ਗੁਰਾਂ ਦੇ ਬਖਸ਼ੇ ਹੋਏ ਸ਼ਬਦ ਨੂੰ ਕਮਾਈਏ ਅਤੇ ਵਾਹਿਗੁਰੂ ਦੇ ਗੁਪਤ ਤਮਾਸ਼ਿਆਂ ਦਾ ਅਨੰਦ ਮਾਣੀਏ।

### ਧੁਨਿ ਪ੍ਰਗਟ ਕਿਵੇਂ ਹੁੰਦੀ ਹੈ?

ਅੰਤਰ-ਆਤਮੇ ਦੇ ਖ਼ਜ਼ਾਨੇ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਤਾਂ ਗੁਰੂ ਵਾਲੇ ਬਨਣ ਦੀ ਲੋੜ ਹੈ। ਫੇਰ ਗੁਰੂ ਦੇ ਉਪਦੇਸ਼ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਦੀ ਲੋੜ ਹੈ। ਸਤਿਗੁਰੂ ਦੇ ਹੁਕਮ ਅੰਦਰ ਚੱਲਣ ਨਾਲ ਹੀ ਸਹਿਜ-ਧੁਨਿ ਉਪਜਦੀ ਹੈ। ਅਨਹਦ ਧੁਨਿ ਜਾਂ ਅਨਾਹਤ ਧੁਨਿ ਜਾਂ ਸਹਿਜ ਧੁਨਿ ਇਕੋ ਅਰਥ ਰੱਖਦੇ ਹਨ। ਸਹਿਜ ਧੁਨਿ ਪ੍ਰਾਪਤ ਕਰਕੇ ਹੀ ਮੁਕਤੀ ਮਿਲਦੀ ਹੈ, ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਐਸੀ ਅਵਸਥਾ ਮਨ ਅੰਦਰ ਹਰੀ ਦੇ ਨਾਮ ਦੇ ਵਾਸੇ ਕਾਰਨ ਬਣਦੀ ਹੈ। ਜਗਿਆਸੂ ਨਾਮ ਵਿੱਚ ਸਮਾ ਜਾਂਦਾ ਹੈ। ਮਨ ਵਿੱਚ ਜਦੋਂ ਨਾਲ ਨਾਲ ਲਿਵ ਜੁੜੀ ਰਹਿੰਦੀ ਹੈ ਤਾਂ ਸ਼ਬਦ ਦੁਆਰਾ ਵਾਹਿਗੁਰੂ ਜੀ ਦੇ ਨਾਮ ਦੀ ਧੁਨਿ ਉਪਜਦੀ ਹੈ। ਗੁਰਵਾਕ ਹੈ :

*ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ*
*ਗਤਿ ਮਤਿ ਤਦ ਹੀ ਪਾਏ॥*
*ਹਰਿ ਕਾ ਨਾਮੁ ਸਚਾ ਮਨਿ ਵਸਿਆ*
*ਨਾਮੇ ਨਾਮਿ ਸਮਾਏ॥* (604)
*ਸਾਚੈ ਸਬਦਿ ਸਹਜ ਧੁਨਿ ਉਪਜੈ*
*ਮਨਿ ਸਾਚੈ ਲਿਵ ਲਾਈ॥* (1234)

ਸਤਿਗੁਰੂ ਨੂੰ ਜਦੋਂ ਸੇਵਿਆ ਜਾਂਦਾ ਹੈ। ਮਨ ਐਧਰ-ਉਧਰ ਭਟਕਣੋ ਹਟ ਜਾਂਦਾ ਹੈ। ਇਸ ਦਾ ਦੌੜਨਾ ਬੰਦ ਹੋ ਜਾਂਦਾ ਹੈ ਕਿਉਂਕਿ ਭਰਮ ਭੁਲੇਖੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਸਾਰੇ ਦੂਰ ਹੋ ਜਾਂਦੇ ਹਨ :

*ਸਤਿਗੁਰੂ ਨੂੰ ਭੇਟੈ ਤਾ ਸਹਸਾ*
*ਤੂਟੈ ਧਾਵਤੁ ਵਰਜਿ ਰਹਾਈਐ॥*

*ਨਿਝਰੁ ਝਰੈ ਸਹਜ ਧੁਨਿ ਲਾਗੈ*
*ਘਰ ਹੀ ਪਰਚਾ ਪਾਈਐ॥* (730)

ਤਾਂ ਫਿਰ ਪਾਣੀ ਦੇ ਝਰਨੇ ਵਾਂਗੂੰ ਨਾਮ ਧੁਨਿ ਵਿੱਚ ਅੰਮ੍ਰਿਤ ਦੀ ਫੁਹਾਰ ਝਰਦੀ ਹੈ। ਜਦੋਂ ਸਹਜ ਧੁਨਿ ਉਪਜੀ, ਅੰਮ੍ਰਿਤ ਦੀ ਫੁਹਾਰ ਝਰੀ, ਮਨ ਆਪਣੇ ਅੰਤਰ ਆਤਮੇਂ ਹੀ ਟਿਕਿਆ ਰਹੇਗਾ। ਧੁਨਿ ਨੂੰ ਸੁਣੇਗਾ, ਅੰਮ੍ਰਿਤ ਨੂੰ ਪੀਵੇਗਾ।

ਸਿੱਧ ਜੋਗੀ, ਸਮਾਧੀ ਲਾ ਲਾ ਕੇ ਕਿੰਨੇ ਹੀ ਹੱਠ ਯੋਗ ਦੇ ਕਰਮ ਪਏ ਕਰਨ, ਇਨ੍ਹਾਂ ਦੋਹਾਂ ਬਾਹਰੀ ਅੱਖਾਂ ਨਾਲ ਕੁਝ ਨਹੀਂ ਵੇਖਿਆ ਜਾ ਸਕਦਾ। ਇਹ ਤਾਂ ਸਾਰੀ ਖੇਡ ਅੰਦਰ ਹੀ ਹੈ, ਧੁਨਿ ਉਪਜਣ ਦੀ ਹੈ, ਫੁਰਮਾਨ ਹੈ :

*ਸਿੱਧ ਸਮਾਧਿ ਕਰਹਿ ਨਿਤ ਝਗਰਾ*
*ਦੁਹੁ ਲੋਚਨ ਕਿਆ ਹੇਰੈ॥*
*ਅੰਤਰਿ ਜੋਤਿ ਸਬਦੁ ਧੁਨਿ ਜਾਗੈ*
*ਸਤਿਗੁਰੁ ਝਗਰ ਨਿਬੇਰੈ॥*

ਹੱਠ ਯੋਗ ਨਹੀਂ ਬਲਕਿ ਸਤਿਗੁਰੂ ਦੀ ਬਖਸ਼ਿਸ਼ ਤੁਹਾਡੇ ਅੰਦਰ ਜੋਤਿ ਜਗਾਏਗੀ ਅਤੇ ਸ਼ਬਦ ਦੀ ਧੁਨਿ ਪ੍ਰਗਟ ਕਰੇਗੀ ਤਾਂ ਮਨ ਤੁਹਾਡਾ ਟਿਕ ਕੇ ਬੈਠ ਜਾਵੇਗਾ, ਸਹਿਜ ਅਵਸਥਾ ਪ੍ਰਾਪਤ ਹੋ ਜਾਵੇਗੀ।

ਸਾਰੀ ਖੇਡ ਦੀ ਜ਼ਿੰਮੇਵਾਰੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰ ਹੈ, ਉਨ੍ਹਾਂ ਤੋਂ ਹੀ ਰਸਤਾ ਮਿਲਣਾ ਹੈ :

*ਸਤਿਗੁਰ ਤੇ ਪਾਏ ਵੀਚਾਰਾ॥*
*ਸੁੰਨ ਸਮਾਧਿ ਸਚੇ ਘਰ ਬਾਰਾ॥*
*ਨਾਨਕ ਨਿਰਮਲ ਨਾਦੁ ਸਬਦ ਧੁਨਿ*
*ਸਚੁ ਰਾਮੈ ਨਾਮਿ ਸਮਾਇਦਾ॥* (1038)

ਜਦੋਂ ਗੁਰਮੁਖ ਗੁਰੂ ਤੋਂ ਵੀਚਾਰ ਲੈ ਕੇ, ਸੱਚੇ ਘਰ ਵਿੱਚ ਟਿਕਾਓ ਨਾਲ ਰਹਿੰਦਾ ਹੈ। ਉਸ ਵਕਤ ਨਿਰਮਲ ਨਾਮ ਦਾ ਨਾਦ ਸੁਣਾਈ ਦਿੰਦਾ ਹੈ ਅਤੇ ਨਿਸ਼ਚੇ ਹੀ ਨਾਮ ਸਮਾਈ ਹੁੰਦੀ ਹੈ। ਸਤਿਗੁਰੂ ਦਾ ਲੜ ਫੜਿਆਂ ਰਾਹ ਪ੍ਰਤੱਖ ਹੋ ਨਿਬੜਦਾ ਹੈ :

*ਗੁਰਮੁਖਾਂ ਨੋ ਪੰਥੁ ਪਰਗਟਾ*
*ਦਰਿ ਠਾਕ ਨ ਕੋਈ ਪਾਇ॥*
*ਹਰਿ ਨਾਮੁ ਸਲਾਹਨਿ ਨਾਮੁ ਮਨਿ*
*ਨਾਮਿ ਰਹਨਿ ਲਿਵ ਲਾਇ॥*
*ਅਨਹਦ ਧੁਨਿ ਦਰਿ ਵਜਦੇ*
*ਦਰਿ ਸਚੈ ਸੋਭਾ ਪਾਇ॥* (42)

ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਗੁਰਸਿੱਖਾਂ ਲਈ ਪਰਮਾਰਥ ਦਾ ਰਸਤਾ ਬੜਾ ਸਾਫ ਨਜ਼ਰ ਆਉਣ ਲੱਗ ਪੈਂਦਾ ਹੈ। ਇਸ ਰਸਤੇ ਤੇ ਉਨ੍ਹਾਂ ਨੂੰ ਕੋਈ ਰੁਕਾਵਟ ਨਹੀਂ ਪੈਂਦੀ। ਦਰਗਾਹ ਵਿੱਚ ਪ੍ਰਵੇਸ਼ ਕਰਨ ਤੋਂ ਉਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ। ਉਹ ਸਦਾ ਹੀ ਨਾਮ ਨਾਲ ਜੁੜੇ ਰਹਿੰਦੇ ਹਨ। ਵਾਹਿਗੁਰੂ ਦੀਆਂ ਸਿਫਤਾਂ ਕਰਦੇ ਹਨ। ਮਨ ਇਕਾਗਰ ਕਰਕੇ ਨਾਮ ਵਿੱਚ ਲਿਵ ਜੋੜੀ ਰੱਖਦੇ ਹਨ। ਨਾਮ ਵਿੱਚ ਲਿਵ ਜੋੜਨ ਕਰਕੇ ਪ੍ਰਭੂ ਦੇ ਦਰ ਦੀ ਧੁਨਿ ਨੂੰ ਸੁਣਦੇ ਹਨ ਅਤੇ ਦਰਗਾਹ ਵਿੱਚ ਸੋਭਾ ਪਾਉਂਦੇ ਹਨ।

ਸਤਿਗੁਰੂ ਸਦਾ ਹੀ ਨਿਰਭਉ ਅਤੇ ਨਿਰਵੈਰ ਹੈ। ਸਾਡਾ ਰਖਵਾਲਾ ਹੈ। ਉਸ ਦੀ ਭਗਤੀ ਕਰਕੇ ਹੀ ਗੋਪਾਲ (ਵਾਹਿਗੁਰੂ) ਦੀ ਪ੍ਰਾਪਤੀ ਹੁੰਦੀ ਹੈ ਅਤੇ ਵਾਹਿਗੁਰੂ ਜੀ ਦੇ ਦਰਬਾਰ ਦੀ ਧੁਨਿ ਸੁਣਾਈ ਦਿੰਦੀ ਹੈ :

ਨਿਰਭਉ ਸਤਿਗੁਰੁ ਹੈ ਰਖਵਾਲਾ॥
ਭਗਤਿ ਪਰਾਪਤਿ ਗੁਰ ਗੋਪਾਲਾ॥
ਧੁਨਿ ਅਨੰਦ ਅਨਾਹਦ ਵਾਜੈ
ਗੁਰ ਸਬਦਿ ਨਿਰੰਜਨੁ ਪਾਇਆ॥ (1042)

ਗੁਰੂ ਦੇ ਸ਼ਬਦ ਦੁਆਰਾ ਮਾਇਆ ਤੋਂ ਨਿਰਲੇਪ ਵਾਹਿਗੁਰੂ ਜੀ ਨੂੰ ਪਾ ਲਿਆ ਜਾਂਦਾ ਹੈ। ਇਹ ਸੰਸਾਰ ਬੜਾ ਬਿਖੜਾ ਹੈ। ਮਾਇਆ ਵੱਲ ਤਾਂ ਲਗਾਉ ਝੱਟ ਪਟ ਹੁੰਦਾ ਹੈ। ਹਰ ਸਮੇਂ ਸਰੀਰ ਅਤੇ ਮਨ ਬੁੱਧੀ ਨੂੰ ਅਸੀਂ ਮਾਇਆ ਕਮਾਉਣ ਵੱਲ ਹੀ ਜੋੜ ਰੱਖਦੇ ਹਾਂ, ਪਰਮਾਰਥ (ਵਾਹਿਗੁਰੂ ਦੇ ਵੱਲ ਜਾਣ) ਦੇ ਰਸਤੇ ਤੁਰਨਾ ਬੜਾ ਹੀ ਬਿਖਮ (ਔਖਾ) ਸਮਝਦੇ ਹਾਂ ਪਰ :

*ਗੁਰ ਮਿਲਿ ਭਉਜਲੁ*
*ਲੰਘੀਐ ਦਰਗਹ ਪਤਿ ਪਰਵਾਣੁ॥*
*ਨਾਨਕ ਤੇ ਮੁਖ ਉਜਲੇ ਧੁਨਿ*
*ਉਪਜੈ ਸਬਦੁ ਨੀਸਾਣੁ॥* (22)

ਗੁਰੂ ਨੂੰ ਮਿਲ ਕੇ ਸੰਸਾਰ ਸਾਗਰ ਤੋਂ ਪਾਰ ਉਤਰੀਦਾ ਹੈ ਅਤੇ ਦਰਗਾਹ ਵਿੱਚ ਮਾਣ ਮਿਲਦਾ ਹੈ। ਗੁਰ ਸਿੱਖਾਂ ਦੇ ਮੁੱਖ ਉਜਲੇ ਹੁੰਦੇ ਹਨ। ਉਨ੍ਹਾਂ ਦੇ ਅੰਦਰ ਹਰੀ ਦੇ ਨਾਮ ਦੀ ਗੂੰਜ (ਧੁਨਿ) ਉਪਜਦੀ ਹੈ ਅਤੇ ਨੀਸਾਣ ਪੈ ਜਾਂਦਾ ਹੈ। ਭਾਵ ਸ਼ਬਦ ਲਗਾਤਾਰ ਅਜਪਾ-ਜਾਪ ਬਣ ਜਾਂਦਾ ਹੈ ਅਤੇ ਧੁਨਿ ਸੁਣਾਈ ਦਿੰਦੀ ਰਹਿੰਦੀ ਹੈ। ਅਜੇਹੀ ਅਵਸਥਾ ਬਨਣ ਵਿੱਚ ਵੱਡਾ ਹਿੱਸਾ ਸਤ ਸੰਗਤਿ ਦਾ ਹੈ।

ਸਤਸੰਗਤਿ ਵਿੱਚ ਬੈਠ ਕੇ ਗੁਣ ਗਾਉਣ ਨਾਲ :

*ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ॥*
*ਅਨੰਦ ਮੰਗਲ ਹਰਿ ਚਲਤ ਤਮਾਸੇ॥*

*ਗੁਣ ਗਾਵਹਿ ਅਨਹਦ ਧੁਨਿ ਬਾਣੀ*
*ਤਹ ਨਾਨਕ ਦਾਸੁ ਚਿਤਾਰਣਾ॥* (1077)

ਗੁਣ ਗਾਉਣ ਨਾਲ ਅਨਹਦ ਧੁਨਿ ਪ੍ਰਗਟ ਹੁੰਦੀ ਹੈ ਦਾਸ (ਸੇਵਕ) ਸਿਫਤ ਸ਼ਲਾਘਾ ਕਰਦਾ ਰਹਿੰਦਾ ਹੈ। ਸਾਧ ਸੰਗਤ ਵਿੱਚੋਂ ਅਸੀਂ ਗੁਰਮਤਿ ਦੀ ਸੋਝੀ ਪ੍ਰਾਪਤ ਕਰਦੇ ਹਾਂ, ਵੱਡੇ ਭਾਗਾਂ ਕਰਕੇ ਅਨਹਦ ਨਾਦ ਅੰਦਰ ਵੱਜਣਾ ਸ਼ੁਰੂ ਕਰ ਦਿੰਦਾ ਹੈ :

*ਪੰਚੇ ਸਬਦ ਵਜੇ ਮਤਿ ਗੁਰਮਤਿ*
*ਵਡਭਾਗੀ ਅਨਹਦ ਵਜਿਆ॥*
*ਆਨਦ ਮੂਲੁ ਰਾਮੁ ਸਭੁ ਦੇਖਿਆ*
*ਗੁਰ ਸਬਦੀ ਗੋਵਿੰਦੁ ਗਜਿਆ॥* (1315-18)

ਆਨੰਦ ਦਾ ਸੋਮਾਂ ਜੋ ਪ੍ਰਮੇਸ਼ਰ ਹੈ, ਉਸ ਦੀ ਸੋਝੀ ਸਾਧ ਸੰਗਤਿ ਤੋਂ ਹੁੰਦੀ ਹੈ। ਗੁਰ ਸ਼ਬਦ ਦੀ ਕਮਾਈ ਦਵਾਰਾ ਵਾਹਿਗੁਰੂ ਜੀ ਪ੍ਰਗਟ ਹੋ ਜਾਂਦੇ ਹਨ।

ਧੁਨਿ ਪ੍ਰਗਟ ਹੋਣ ਤੇ :

ਅਸਲ ਵਿੱਚ ਧੁਨਿ ਅਨੁਭਵ ਦੀ ਚੀਜ਼ ਹੈ ਕੋਈ ਗੱਲਾਂ ਬਾਤਾਂ ਵਿੱਚ ਆਉਣ ਵਾਲੀ ਨਹੀਂ। ਅਭਿਆਸੀ (ਗੁਰੂ ਦਾ ਸਿੱਖ) ਜਦੋਂ ਸਤਿਗੁਰੂ ਦੇ ਦੱਸੇ ਹੋਏ ਨਾਮ ਅਭਿਆਸ ਦੇ ਮਾਰਗ ਤੇ ਚੱਲਦਾ ਹੈ, ਸਤਿਗੁਰੂ ਕ੍ਰਿਪਾ ਦੁਆਰਾ ਧੁਨਿ ਸੁਣਦਾ ਹੈ, ਤਦ ਹੀ ਬਾਬਤ ਕੁਝ ਕੁਝ ਸਮਝਣ ਦੇ ਸਮਰੱਥ ਹੁੰਦਾ ਹੈ, ਵੈਸੇ ਨਹੀਂ :

*ਧੁਨਿ ਵਾਜੇ ਅਨਹਦ ਘੋਰਾ॥*
*ਮਨ ਮਾਨਿਆ ਹਰਿ ਰਸ ਮੋਰਾ॥* (819)

ਜਦੋਂ ਸਬਦ ਦੀ ਧੁਨਿ ਨਾਲ ਅਨਹਦ ਗੂੰਜਾਂ ਵੱਜਣ ਲੱਗੀਆਂ। ਗੂੰਜਾਂ ਦੀ ਘਰਘੋਰ ਪਈ, ਮੇਰਾ ਮਨ ਹਰਿ-ਰਸ ਨਾਲ ਪਤੀਜ ਗਿਆ। ਭਾਵ ਇਹ ਕਿ ਧੁਨਿ ਕੇਵਲ ਖਾਲੀ ਹੀ ਸੁਣਾਈ ਨਹੀਂ ਦਿੰਦੀ, ਉਸਦੀ ਬੜੀ ਘਨਘੋਰ ਗੂੰਜਾਰ ਹੈ, ਜਿਸ ਨੂੰ ਸੁਨਣ ਲਈ ਮਨ ਉਤਾਵਲਾ ਹੁੰਦਾ ਹੈ ਤਾਂ ਫੇਰ ਮਨ ਦੀ ਸ਼ਬਦ ਵਿੱਚ ਇਕਾਗਰਤਾ ਬਣੀ ਰਹਿੰਦੀ ਹੈ। ਖੁਸ਼ੀਆਂ ਹੀ ਖੁਸ਼ੀਆਂ ਅਤੇ ਬੇਅੰਤ ਚਾਵ ਮਲ੍ਹਾਰ ਮਿਲਦੇ ਹਨ :

*ਮੰਗਲਾ ਹਰਿ ਮੰਗਲਾ ਮੇਰੇ*
*ਪ੍ਰਭ ਕੈ ਸੁਣੀਐ ਮੰਗਲਾ॥*
*ਸੋਹਿਲੜਾ ਪ੍ਰਭ ਸੋਹਿਲੜਾ*
*ਅਨਹਦ ਧੁਨੀਐ ਸੋਹਿਲੜਾ॥* (924)

ਆਪਣੇ ਪ੍ਰਭੂ ਨਾਲ ਮਿਲੇ ਰਹਿਣ ਦਾ ਚਾਉ, ਹੁਲਾਸ ਬਣਿਆ ਰਹਿੰਦਾ ਹੈ। ਸਦਾ ਹੀ ਸੋਹਲੜਾ, ਸੁਹਾਵਣਾ ਵੇਲਾ ਵਧਾਈਆਂ ਭਰਿਆਂ, ਰੌਣਕਾਂ ਵਾਲਾ ਸਮਾਂ ਬਣਦਾ ਹੈ ਅਤੇ :

*ਪਸਰੀ ਕਿਰਣਿ ਜੋਤਿ ਉਜਿਆਲਾ॥*
*ਕਰਿ ਕਰਿ ਦੇਖੈ ਆਪਿ ਦਇਆਲਾ॥*
*ਅਨਹਦ ਰੁਣ ਝੁਣਕਾਰ ਸਦਾ ਧੁਨਿ*
*ਨਿਰਭਉ ਕੈ ਘਰਿ ਵਾਇਦਾ॥* (1033)

ਆਤਮ ਸਰੂਪ ਜੋਤਿ ਜੋ ਸਾਰੇ ਪਸਰੀ ਹੋਈ ਹੈ, ਉਸ ਦਾ ਅੰਦਰ ਉਜਾਲਾ ਹੋ ਜਾਂਦਾ ਹੈ। ਪ੍ਰਕਾਸ਼ ਹੋ ਜਾਂਦਾ ਹੈ। ਦਇਆਲੂ ਪ੍ਰਭੂ ਆਪ, ਇਸ ਰਚਨਾ ਨੂੰ ਰਚ ਕੇ ਵੇਖ ਰਿਹਾ ਹੈ।

ਉਸ ਡਰ ਰਹਿਤ ਪ੍ਰਭੂ ਦੇ ਘਰ ਵਿੱਚ ਅਨਹਦ ਧੁਨਿ ਦੀ ਸਦਾ ਜੈ ਜੈ ਕਾਰ ਤੇ ਰੁਣ ਝੁਣਕਾਰ ਬਣੀ ਰਹਿੰਦੀ ਹੈ। ਧੁਨਿ ਦੇ ਨਾਲ ਬਾਜੇ ਬਜਦੇ ਹਨ :

*ਬਾਜਹਿ ਬਾਜੇ ਧੁਨਿ ਆਕਾਰਾ॥*
*ਆਪਿ ਵਜਾਏ ਵਜਾਵਣਹਾਰਾ॥*
*ਘਰਿ ਘਟਿ ਪਉਣੁ ਵਹੈ ਇਕ ਰੰਗੀ*
*ਮਿਲਿ ਪਵਣੈ ਸਭ ਵਜਾਇਦਾ॥* (1061)

ਇਨ੍ਹਾਂ ਬਾਜਿਆਂ ਨੂੰ ਪ੍ਰਭੂ ਆਪੇ ਹੀ ਵਜਾਵਣਹਾਰਾ ਹੈ ਅਤੇ ਵਜਾ ਰਿਹਾ ਹੈ। ਜਿਵੇਂ ਹਵਾ ਘੱਟ ਘੱਟ, ਵਿੱਚ, ਜ਼ੱਰੇ ਜ਼ੱਰੇ ਵਿੱਚ ਸਮਾਈ ਹੋਈ ਅਤੇ ਸ਼ਾਂ ਸ਼ਾਂ ਦਾ ਰਾਗ ਅਲਾਪਦੀ ਰਹਿੰਦੀ ਹੈ, ਇਸੇ ਤਰ੍ਹਾਂ ਧੁਨਿ ਵੀ ਸਰਬ-ਵਿਆਪਕ ਅਤੇ ਸਦਾ ਹੀ ਵੱਜਦੀ ਰਹਿੰਦੀ ਹੈ। ਗੁਰੂ ਦੇ ਹੁਕਮ ਵਿੱਚ ਸਹਿਜ ਧੁਨਿ ਉਪਜਣ ਨਾਲ ਗੁਰਸਿੱਖ ਦੀ ਹਉਮੈ ਦੂਰ ਹੋ ਜਾਂਦੀ ਹੈ। ਹਉਮੈ ਦਾ ਦੁੱਖ ਦੀਰਘ ਰੋਗ ਹੈ, ਜੋ ਧੁਨਿ ਦੇ ਉਪਜਣ ਨਾਲ ਸਹਿਜੇ ਹੀ ਦੂਰ ਹੋ ਜਾਂਦਾ ਹੈ :

*ਗੁਰਮੁਖਿ ਸਹਜ ਧੁਨਿ ਉਪਜੈ*
*ਦੁਖੁ ਹਉਮੈ ਵਿਚਹੁ ਜਾਇ॥*
*ਹਰਿ ਨਾਮਾ ਹਰਿ ਵਸੈ*
*ਸਹਜੇ ਹਰਿ ਗੁਣ ਗਾਇ॥* (1346)

ਜਦੋਂ ਹਉਮੈ ਦੂਰ ਹੋ ਗਈ, ਕੇਵਲ ਤੂੰ ਹੀ ਤੂੰ ਰਹਿ ਗਿਆ। ਨਾਮ ਹੀ ਨਾਮ ਰਹਿ ਗਿਆ। ਹਰੀ ਗੁਣ ਸਹਿਜੇ ਹੀ ਗਾਉਣ ਹੋਣ ਲੱਗੇ ਅਤੇ ਪਿਆਰ ਪ੍ਰੀਤਮ ਦੇ ਸੰਗ ਇੱਕ ਸੇਜ ਤੇ ਬੈਠਣ ਦਾ ਮੌਕਾ ਮਿਲ ਗਿਆ :

*ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥*
*ਅਨਹਦ ਵਾਜੇ ਵਜਹਿ ਘਰ ਮਹਿ*
*ਪਿਰ ਸੰਗਿ ਸੇਜ ਵਿਛਾਈ॥*
*ਬਿਨਵੰਤਿ ਨਾਨਕੁ ਸਹਜਿ ਰਹੈ*
*ਹਰਿ ਮਿਲਿਆ ਕੰਤੁ ਸੁਖਦਾਈ॥* (247)

ਪ੍ਰਭੂ ਪ੍ਰੀਤਮ ਜੀ ਜਦੋਂ ਮਿਲ ਗਏ, ਉਸ ਦਾ ਸੰਗ ਪ੍ਰਾਪਤ ਹੋ ਗਿਆ ਤਾਂ ਫੇਰ ਸੁੱਖਾਂ ਦੀ ਪ੍ਰਾਪਤੀ ਹੋ ਗਈ। ਸੁੱਖਾਂ ਦਾ ਖਜ਼ਾਨਾ ਮਿਲ ਪਿਆ। ਮਨ ਸਦਾ ਪ੍ਰਭੂ ਦੀ ਕਥਾ ਅਤੇ ਉਸ ਦੇ ਕੀਰਤਨ ਵਿੱਚੋਂ ਉਪਜੀ ਧੁਨਿ ਵਿੱਚ ਹੀ ਰਹਿਣਾ ਅਪਣਾ ਮਨੋਰਥ ਸਮਝਦਾ ਹੈ :

*ਕਥਾ ਕੀਰਤਨ ਰਾਗ ਨਾਦ*
*ਧੁਨਿ ਇਹੁ ਬਨਿਓ ਸੁਆਉ॥*
*ਨਾਨਕ ਪ੍ਰਭ ਸੁ ਪ੍ਰਸੰਨ ਭਏ*
*ਬਾਂਛਤ ਫਲ ਪਾਉ॥* (818)

ਇਸ ਤਰ੍ਹਾਂ ਮਨ ਬਾਂਛਤ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਜੀ ਦੀ ਪ੍ਰਸੰਨਤਾ ਮਿਲਦੀ ਹੈ। ਗਿਆਨ ਧਿਆਨ ਹੈ। ਗਿਆਨ ਧਿਆਨ ਵੀ ਧੁਨਿ ਵਿੱਚੋਂ ਹੀ ਨਿਕਲਦੇ ਹਨ :

*ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥*
*ਸਫਲਿਓ ਬਿਰਖੁ ਹਰੀਆਵਲਾ ਛਾਵ ਘਨੇਰੀ ਹੋਇ॥*
*ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥* (59)

ਵਾਹਿਗੁਰੂ ਦੀ ਅਕਥ ਕਥਾ ਨੂੰ ਧੁਨਿ ਵਿੱਚੋਂ ਉਪਜੇ ਗਿਆਨ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ ਜਾਂ ਅਨੁਭਵ ਕੀਤਾ ਜਾ ਸਕਦਾ ਹੈ। ਇਸ ਅਨੁਭਵ ਦੀ ਛਾਂ ਬੜੀ ਘਨੇਰੀ ਹੈ। ਇਹ ਹਰਿਆਵਲਾ ਬ੍ਰਿਛ ਹੈ। ਮਾਣੋ ਲਾਲ, ਜਵਾਹਰ ਅਤੇ ਮੋਤੀਆਂ ਦਾ ਭਰਿਆ ਹੋਇਆ ਹੈ। ਧੁਨਿ ਗਿਆਨ ਨਾਲ ਹੀ ਭਰਪੂਰ ਨਹੀਂ ਬਲਕਿ ਬੜੀ ਮਧੁਰ ਮਧੁਰ ਧੁਨਿ ਅਨਹਤ ਗਾਜੈ॥

ਉਹ ਰਾਮ ਦੀ ਬੀਨ ਵੱਜਦੀ ਹੈ। ਉਸ ਨੂੰ ਧੰਨ ਧੰਨ ਆਖੀਏ। ਉਹ ਬਹੁਤ ਹੀ ਸ਼ਲਾਘਾਯੋਗ ਹੈ। ਮਾਧੁਰ ਮਧੁਰ (ਮਿੱਠੀ ਮਿੱਠੀ) ਉਸ ਦੀ ਧੁਨਿ ਹੈ ਜੋ ਬਿਨਾ ਬਜਾਏ ਤੋਂ ਵੱਜਦੀ ਹੈ ਪਰ ਇਹ ਲੱਭਦੀ ਕਿੱਥੋਂ ਹੈ? ਉੱਤਰ ਹੈ ਸਾਧ ਸੰਗਤਿ ਵਿੱਚੋਂ :

*ਸਤਸੰਗਤਿ ਸਾਧ ਪਾਈ ਵਡਭਾਗੀ*
*ਮਨੁ ਚਲਤੌ ਭਇਓ ਅਰੂੜਾ॥*
*ਅਨਹਤ ਧੁਨਿ ਵਾਜਹਿ ਨਿਤ ਵਾਜੇ*
*ਹਰਿ ਅੰਮ੍ਰਿਤ ਧਾਰ ਰਸਿ ਲੀੜਾ॥* (698)

ਸੰਤਾਂ (ਗੁਰੂ) ਦੀ ਸੰਗਤ ਤੋਂ ਵੱਡੇ ਭਾਗਾਂ ਨਾਲ ਭਟਕਦਾ ਹੋਇਆ ਮਨ ਸਥਿਤ ਹੋ ਗਿਆ। ਭਟਕਣ ਜਦੋਂ ਮੁੱਕ ਗਈ ਤਾਂ ਅਨਹਦ ਅਤੇ ਅਨਹਤ ਬਾਜੇ ਬਜਣੇ ਸ਼ੁਰੂ ਹੋ ਗਏ। ਸਦਾ ਹੀ ਵੱਜਦੇ ਰਹਿੰਦੇ ਹਨ ਅਤੇ ਨਾਲੋ ਨਾਲ ਅੰਮ੍ਰਿਤ ਰਸ ਦੀ ਧਾਰ ਵੀ ਚੋਂਦੀ ਹੈ ਜੋ ਮਨ ਨੂੰ ਤ੍ਰਿਪਤ ਕਰ ਦਿੰਦੀ ਹੈ। ਹਾਂ ਜੀ ਮਿਲਦੀ ਇਹ ਵੱਡੇ ਭਾਗਾਂ ਨਾਲ ਹੈ। ਧੁਰ ਤੋਂ ਲਿਖੇ ਹੋਏ ਲੇਖ ਜਾਗਦੇ ਹਨ ਅਤੇ ਮਨੁੱਖ ਨਾਮ ਨਾਲ ਜੁੜਦਾ ਹੈ :

*ਧੁਰਿ ਕਰਮਿ ਪਾਇਆ ਤੁਧੁ ਜਿਨ ਕਉ*
*ਸਿ ਨਾਮਿ ਹਰਿ ਕੈ ਲਾਗੇ॥*
*ਕਹੈ ਨਾਨਕ ਤਹ ਸੁਖੁ ਹੋਆ*
*ਤਿਤੁ ਘਰਿ ਅਨਹਦ ਵਾਜੇ॥* (917)

ਬੇਸ਼ਕ ਧੁਰ ਕੇ ਕਰਮਾਂ ਕਰਕੇ ਮਿਲੇ ਜਾਂ ਕ੍ਰਿਆਮਨ (ਹੁਣ) ਦੇ ਕਰਮਾਂ ਕਰਕੇ ਵਡਭਾਗਾਂ ਨਾਲ ਮਿਲੇ, ਜਿਸ ਘਰ (ਹਿਰਦੇ) ਵਿੱਚ ਨਾਮ, ਵਸਦਾ ਹੈ, ਇਸ ਹਿਰਦੇ ਵਿੱਚ ਸੁੱਖਾਂ ਦਾ ਵਾਸਾ ਹੁੰਦਾ ਹੈ ਅਤੇ ਇਲਾਹੀ ਸੰਗੀਤ ਦੀਆਂ ਅਨਹਦ ਧੁਨੀਆਂ ਵੱਜਦੀਆਂ ਹਨ। ਦਿਨ ਰਾਤ ਪਿਆਰੇ ਪ੍ਰੀਤਮ ਵਾਹਿਗੁਰੂ ਜੀ ਨਾਲ ਮਿਲਾਪ ਬਣਿਆ ਰਹਿੰਦਾ ਹੈ ਅਤੇ ਹਿਰਦਾ ਸੁਹਾਵਣਾ ਹੁੰਦਾ ਹੈ। ਹਿਰਦੇ ਰੂਪੀ ਮਹਿਲ ਸੋਂਹਦਾ ਹੈ। ਸੁੰਦਰ ਬਣ ਜਾਂਦਾ ਹੈ :

*ਅਨਦਿਨੁ ਮੇਲੁ ਭਇਆ ਮਨੁ ਮਾਨਿਆ*
*ਘਰ ਮੰਦਰ ਸੋਹਾਏ॥*
*ਪੰਚ ਸਬਦ ਧੁਨਿ ਅਨਹਦ ਵਾਜੇ*
*ਹਮ ਘਰਿ ਸਾਜਨ ਆਏ॥* (764)

ਘਰ (ਹਿਰਦਾ) ਸੁਹਾਵਣਾ ਕਿਸ ਕਰਕੇ ਹੈ? ਇਸ ਕਰਕੇ ਕਿ ਉਸ ਵਿੱਚ ਸੁਹਣੀ ਸ੍ਰੇਸ਼ਟ ਮਧੁਰ ਮਧੁਰ, ਮਿੱਠੀ ਮਿੱਠੀ ਅਨਹਦ ਧੁਨੀ ਵੱਜਦੀ ਹੈ ਅਤੇ ਆਪਣੇ ਸਾਜਨ ਦਾ ਸੰਗ ਸਦਾ ਮਾਨਣ ਨੂੰ ਮਿਲਦਾ ਹੈ।

*ਨੋਟ :-* ਇਹ 'ਅਨਹਦ ਧੁਨਿ' ਲੇਖ ਨਾਮ ਅਭਿਆਸੀਆਂ, ਸਿਮਰਨ ਕਰਨ ਵਾਲੇ ਗੁਰਮੁਖਾਂ ਪਿਆਰਿਆਂ ਲਈ ਹੈ ਤਾਂ ਜੁ ਉਹ ਨਾਮ-ਸਿਮਰਨ ਦੀ ਕਮਾਈ ਵਿੱਚ ਗੁਰਬਾਣੀ ਦੇ ਬਚਨਾਂ ਅਨੁਸਾਰ ਸਵੈ ਪੜਚੋਲ ਕਰਕੇ ਆਪਣੀ ਅਵਸਥਾ ਤੋਂ ਜਾਣੂ ਹੋ ਸਕਣ। ਜੇਕਰ ਅਜੇ ਤਕ ਧੁਨਿ ਨਹੀਂ ਉਪਜੀ ਤਾਂ ਨਾਮ ਅਭਿਆਸ ਦਾ ਸਮਾਂ ਹੋਰ ਵਧਾਉਣ ਅਤੇ ਸਮਝੋ ਸਿਮਰਨ ਦੀ ਕਮੀ ਹੈ। ਜੋ ਗੁਰਮੁਖ ਪਿਆਰੇ ਸਿਮਰਨ ਦੇ ਰਾਹ ਤੇ ਨਹੀਂ ਚਲੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਜੋ ਗੁਰੂ-ਗੁਰਬਾਣੀ ਵਲੋਂ ਤੁਹਾਡੀ ਆਤਮਾ ਅੰਦਰ ਹੀਰੇ-ਜਵਾਹਰ ਭਰੇ ਹੋਇਆਂ ਦਾ ਬਿਆਨ ਹੈ, ਇਸ ਵੱਲ ਧਿਆਨ ਦੋ। ਖਾਲੀ ਨਿੱਤਨੇਮ ਦੀਆਂ ਬਾਣੀਆਂ ਪੜ੍ਹ ਕੇ ਹੀ ਆਪਣਾ ਧਾਰਮਿਕ ਪੱਖ ਪੂਰਨ ਦੀ ਤਸੱਲੀ ਕਰ ਲੈਣੀ ਕਾਫੀ ਨਹੀਂ, ਨਾਮ ਸਿਮਰਨ ਅਤਿ ਹੀ ਜ਼ਰੂਰੀ ਹੈ। ਸੋ ਸਾਨੂੰ ਅੱਜ ਤੋਂ ਹੀ ਵਾਹਿਗੁਰੂ ਦੇ ਸਿਮਰਨ ਵਿੱਚ ਲੱਗ ਜਾਣਾ ਚਾਹੀਦਾ ਹੈ। ੴ

# ਅਨਾਹਦ ਨਾਦ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਉਹ ਨਾਦ ਜੋ ਕਿਸੇ ਚੋਟ ਤੋਂ ਬਗੈਰ ਸਹਿਜ ਰੂਪ ਵਿੱਚ ਉਪਜਿਆ ਹੋਵੇ। ਜੋਗ ਮੱਤ ਅਨੁਸਾਰ ਅਨਾਹਤ ਉਹ ਨਾਦ ਹੈ ਜੋ ਜੋਗੀ ਉੱਚੀ ਆਤਮਿਕ ਅਵਸਥਾ ਵਿੱਚ ਦਸਮ ਦਵਾਰ ਵਿੱਚੋਂ ਸੁਤੇ ਸਿਧ ਸੁਣਦੇ ਹਨ। ਹਠ ਯੋਗ ਅਨੁਸਾਰ ਅਨਾਹਤ ਨਾਦ ਸਾਰੇ ਬ੍ਰਹਿਮੰਡ ਵਿੱਚ ਵਿਆਪਕ ਹੈ। ਇਹੋ ਨਾਦ ਮਨੁੱਖ ਦੀ ਕਾਇਆ ਵਿੱਚ ਵੀ ਸਥਿਤ ਹੈ ਪਰ ਸੁਖਮਨਾ ਨਾੜੀ ਦੇ ਬੰਦ ਹੋਣ ਦੇ ਨਾਤੇ ਸੰਸਾਰੀ ਜੀਵ ਇਸ ਨਾਦ ਨੂੰ ਸੁਣ ਨਹੀਂ ਸਕਦੇ। ਇਸ ਨਾਦ ਦਾ ਅਨੁਭਵ ਕੇਵਲ ਉਹੋ ਅਭਿਆਸੀ ਕਰ ਸਕਦਾ ਹੈ, ਜਿਸ ਦੀ ਕੁੰਡਲਨੀ ਸ਼ਕਤੀ ਜਾਗ੍ਰਿਤ ਹੋ ਚੁੱਕੀ ਹੋਵੇ ਅਤੇ ਪ੍ਰਾਣ ਵਾਯੂ ਸੁਖਮਨਾ ਨਾੜੀ ਵਿੱਚ ਪ੍ਰਵੇਸ਼ ਕਰ ਗਈ ਹੋਵੇ। ਯੋਗ ਅਭਿਆਸ ਦੁਆਰਾ ਕੁੰਡਲਨੀ ਨੂੰ ਜਗਾ ਕੇ ਸੁਖਮਨਾ ਦੇ ਰਸਤੇ ਦਸਮ ਦਵਾਰ ਤੱਕ ਪਹੁੰਚਾਇਆ ਜਾਂਦਾ ਹੈ। ਰਸਤੇ ਵਿੱਚ ਇਸ ਨੂੰ ਛੇ ਚੱਕਰਾਂ ਵਿੱਚੋਂ ਲੰਘਣਾ ਪੈਂਦਾ ਹੈ ਜੋ ਤਰਤੀਬਵਾਰ ਮੂਲਾਧਾਰ, ਸਵਾਧਿਸ਼ਠਾਨ, ਮਣੀਪੁਰ, ਅਨਾਹਤ ਚਕਰ, ਵਿਸ਼ੁਧ ਚਕਰ ਤੇ ਆਗਿਆ ਚੱਕਰ ਦੇ ਨਾਂ ਨਾਲ ਪ੍ਰਸਿੱਧ ਹਨ। ਇਨ੍ਹਾਂ ਚੱਕਰਾਂ ਦਾ ਸਥਾਨ ਤਰਤੀਬਵਾਰ ਗੁਦਾ ਮੰਡਲ, ਮੇਰੂ, ਨਾਭੀ, ਹਿਰਦਾ, ਕੰਠ ਤੇ ਭੌਂਹਾਂ ਦਾ ਮੱਧ ਹੈ ਅਤੇ ਇਹ ਤਰਤੀਬਵਾਰ ਚਾਰ, ਛੇ, ਦਸ, ਬਾਰਾਂ, ਸੋਲਾਂ ਤੇ ਦੋ ਪੰਖੜੀਆਂ ਵਾਲੇ ਕੰਵਲ ਫੁੱਲਾਂ ਦੇ ਰੂਪ ਵਿੱਚ ਵਿਦਮਾਨ ਹਨ। ਪ੍ਰਾਣਾਯਾਮ ਦੁਆਰਾ ਚੱਕਰਾਂ ਵਿੱਚੋਂ ਲੰਘਦੇ ਪ੍ਰਾਣ ਜਦੋਂ ਅਨਾਹਿਤ ਚੱਕਰ ਵਿੱਚ ਪਹੁੰਚਦੇ ਹਨ ਤਾਂ ਅਨਾਹਤ ਨਾਦ ਦਾ ਆਰੰਭ ਹੁੰਦਾ ਹੈ। ਪਰ ਇਸ ਦਾ ਪੂਰਾ ਅਨੁਭਵ ਦਸਮ ਵਿੱਚ ਪਹੁੰਚ ਕੇ ਹੀ ਹੁੰਦਾ ਹੈ।

ਹਿੰਦੀ ਵਿਸ਼ਵ ਕੋਸ਼ (1,115) ਅਨੁਸਾਰ ਅਨਾਹਦ ਇੱਕ ਵਿਸ਼ੇਸ਼ ਨਾਦ ਹੈ। ਉਹ ਅਵਿੱਅਕਤ ਪਰਮ ਤੱਤ੍ਵ ਦੇ ਵਿਅੱਕਤੀਕਰਣ ਦਾ ਸੂਚਕ ਆਦਿ- ਸ਼ਬਦ ਹੈ, ਜੋ ਪਹਿਲੇ 'ਪਰਾ' ਸ਼ਬਦ ਦੇ ਸੂਖਮ ਰੂਪ ਵਿੱਚ ਰਿਹਾ ਕਰਦਾ ਸੀ ਅਤੇ ਫਿਰ 'ਅਪਰਾ' ਸ਼ਬਦ ਬਣ ਕੇ ਪਸਰ ਗਿਆ। ਇਹ ਬ੍ਰਹਿਮੰਡ ਤੇ ਸ੍ਰਿਸ਼ਟੀ ਦਾ ਮੂਲ ਤੱਤ ਅਥਵਾ ਓਂਕਾਰ ਹੈ ਜਿਸ ਦਾ ਮਾਨਵ ਸਰੀਰ ਵਿੱਚ ਸਥਿਤ ਅਥਵਾ ਪਿੰਡ ਸ਼ਬਦ ਪ੍ਰਤੀਨਿਧਤਾ ਕਰਦਾ ਹੈ ਅਤੇ ਜਿਸ ਨੂੰ, ਮਨ ਦੀ ਬਿਰਤੀ ਬਾਹਰਮੁਖੀ ਰਹਿਣ ਦੇ ਕਾਰਨ, ਅਸੀਂ ਕਦੇ ਸੁਣ ਨਹੀਂ ਸਕਦੇ। ਜੋਗੀ ਲੰਮੇ ਅਭਿਆਸ ਦੁਆਰਾ ਇਹ ਧੁਨੀ ਸੁਣਨ ਲੱਗਦਾ ਹੈ।

ਗੁਰਬਾਣੀ ਅਨੁਸਾਰ ਅਨਾਹਤ ਅਵਸਥਾ ਸੁਰਤ-ਸ਼ਬਦ-ਯੋਗ ਤੋਂ ਉਪਜਦੀ ਹੈ। ਮਹਾਨ ਕੋਸ਼ (ਪੰਨਾ 43) ਅਨੁਸਾਰ ਅਨਾਹਤ ਨਾਦ ਆਤਮ ਮੰਡਲ ਦਾ ਉਹ ਸੰਗੀਤ ਹੈ ਜੋ ਕੰਨਾਂ ਦਾ ਵਿਸ਼ਾ ਨਹੀਂ; ਨਾਮ ਅਭਿਆਸੀ ਨੂੰ ਚਿੱਤ ਦੀ ਇਕਾਗਰਤਾ ਵਿੱਚ ਇਸ ਦਾ ਅਨੁਭਵ ਹੁੰਦਾ ਹੈ।

ਆਮ ਲੋਕਾਂ ਲਈ ਅਨਾਹਤ ਉਹ ਨਾਦ ਹੈ, ਜੋ ਦੋਹਾਂ ਕੰਨਾਂ ਨੂੰ ਹੱਥਾਂ ਦੇ ਅੰਗੂਠਿਆਂ ਨਾਲ ਬੰਦ ਕਰਨ ਉਪਰੰਤ ਸੁਣਾਈ ਦੇਂਦਾ ਹੈ।

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*

**PAGE SPONSORED BY : AHUJA FAMILY**
C-353, Defence Colony New Delhi 110 024

# ਰਾਗੀ ਜਥਾ ਭਾਈ ਪੁਸ਼ਪਿੰਦਰ ਸਿੰਘ 'ਨਿਰਮੋਲਕ'


## ਅਵਤਾਰ ਸਿੰਘ 'ਹੰਸ'

ਗੁਰਦੁਆਰਾ ਨਾਨਕ ਪੁਰਾ, ਸੁਨਾਮੀ ਗੇਟ, ਸੰਗਰੂਰ


ਸਿੱਖ ਧਰਮ ਵਿੱਚ ਗੁਰਬਾਣੀ ਕੀਰਤਨ ਨੂੰ ਜੋ ਮਹੱਤਤਾ ਪ੍ਰਦਾਨ ਹੈ, ਉਹ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ।

ਕੀਰਤਨ ਮੁੱਖ ਤੌਰ ਤੇ ਮਨ ਦੀ ਮੌਜ, ਰੂਹ ਦੀ ਖੁਰਾਕ ਤੇ ਆਤਮਾਂ ਨੂੰ ਉੱਚਾ ਚੁੱਕ ਕੇ ਅਰਸ਼ਾਂ ਦੀ ਛੂਹ ਪ੍ਰਾਪਤ ਕਰਨ ਦਾ ਸਾਧਨ ਹੈ। ਗੁਰੂ ਦੀ ਕ੍ਰਿਪਾ ਦੁਆਰਾ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ। ਸ਼ੁਰੂ ਤੋਂ ਲੈ ਕੇ ਹੀ ਅਨੇਕਾਂ ਗੁਰੂ ਕੇ ਕੀਰਤਨੀਏ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰ ਰਹੇ ਹਨ। ਭਾਈ ਸਾਹਿਬ ਪੁਸ਼ਪਿੰਦਰ ਸਿੰਘ ਜੀ 'ਨਿਰਮੋਲਕ' ਵੀ ਅਜਿਹੇ ਹੀ ਕੀਰਤਨੀਏ ਹਨ ਜੋ ਲਗਭਗ 16 ਸਾਲਾਂ ਤੋਂ ਕੀਰਤਨ ਤੇ ਵਿਆਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਆਪ ਜੀ ਦੀ ਆਵਾਜ਼ ਵਿੱਚ ਬੜੀ ਹੀ ਮਿਠਾਸ ਹੈ, ਬਹੁਤ ਹੀ ਰਸਭਿੰਨਾ ਕੀਰਤਨ ਕਰਦੇ ਹਨ। ਭਾਈ ਪੁਸ਼ਪਿੰਦਰ ਸਿੰਘ ਜੀ ਦਾ ਜਨਮ ਪਿੰਡ ਸੀਹਾਂ ਦੌਦ ਜਿਲ੍ਹਾ ਲੁਧਿਆਣਾ ਵਿਖੇ 1-6-1962 ਨੂੰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਪਿਤਾ ਸ੍ਰ: ਗੁਰਦਿਆਲ ਸਿੰਘ ਨੰਬਰਦਾਰ ਸਾਹਿਬ ਦੇ ਘਰ ਵਿਖੇ ਹੋਇਆ। ਮੈਟ੍ਰਿਕ ਕਰਨ ਤੋਂ ਬਾਅਦ ਆਪ ਜੀ ਨੇ ਗਿਆਨੀ ਕੀਤੀ ਫਿਰ ਸਿੱਖ ਧਰਮ ਬਾਰੇ ਸੰਪੂਰਨ ਜਾਣਕਾਰੀ ਪ੍ਰਾਪਤ ਕਰਨ ਲਈ ਸਿੱਖ ਮਿਸ਼ਨਰੀ ਕਾਲਜ ਦਾ ਦੋ ਸਾਲਾ ਕੋਰਸ ਪਾਸ ਕੀਤਾ ਅਤੇ ਗੁਰਬਾਣੀ ਸਬੰਧੀ ਲੈਕਚਰ ਦੇਣ ਵਿੱਚ ਮੁਹਾਰਤ ਹਾਸਲ ਕੀਤੀ।

ਫਿਰ ਆਪ ਜੀ ਨੇ ਰਾਗ ਵਿੱਦਿਆ ਅਤੇ ਗੁਰਬਾਣੀ ਕੀਰਤਨ ਦੀ ਸਿਖਲਾਈ ਲੈਣ ਲਈ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ (ਹਜੂਰੀ ਰਾਗੀ) ਜੋ ਕਿ ਅੱਜ ਕੱਲ੍ਹ ਗੁ: ਦੁਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਹੈਂਡ ਰਾਗੀ ਹਨ। ਉਹਨਾਂ ਨੂੰ ਉਸਤਾਦ ਧਾਰਨ ਕੀਤਾ। ਉਹਨਾਂ ਤੋਂ ਕੀਰਤਨ ਵਿੱਦਿਆ ਪ੍ਰਾਪਤ ਕੀਤੀ। ਫਿਰ ਆਪ ਜੀ ਨੇ ਸੰਗੀਤ ਦੀ ਬੀ. ਏ. ਕੀਤੀ ਅਤੇ ਕੀਰਤਨ ਦਾ ਖੂਬ ਅਭਿਆਸ ਕੀਤਾ। 1985 ਵਿੱਚ ਇਹ ਆਪਣਾ ਰਾਗੀ ਜਥਾ ਬਣਾ ਕੇ ਗੁ: ਬੇਬੇ ਨਾਨਕੀ ਸੁਲਤਾਨਪੁਰ ਲੋਧੀ ਵਿਖੇ ਕੀਰਤਨ ਸੇਵਾ ਕਰਨ ਲਗ ਪਏ ਆਪ ਜੀ ਨੇ 2 ਸਾਲ ਸੰਗਤਾਂ ਨੂੰ ਕੀਰਤਨ ਸ੍ਰਵਨ ਕਰਾ ਕੇ ਨਿਹਾਲ ਕੀਤਾ। ਇਸ ਇਲਾਕੇ ਦੇ ਹੀ ਸ੍ਰ: ਨਾਜਰ ਸਿੰਘ ਜੀ ਮਲੇਸ਼ੀਆ ਵਿਖੇ ਰਹਿੰਦੇ ਸਨ। ਉਹ ਭਾਈ ਸਾਹਿਬ ਦੇ ਕੀਰਤਨ ਤੇ ਸੁਭਾਅ ਦੇ ਕਾਰਣ ਬਹੁਤ ਹੀ ਸਤਿਕਾਰ ਕਰਦੇ ਸਨ। 1995 ਵਿੱਚ ਆਪ ਮਲੇਸ਼ੀਆ ਤੋਂ ਵਾਪਸ ਆ ਗਏ, ਅਤੇ ਆਪਣੇ ਘਰ ਪਿੰਡ ਦੌਦ ਵਿਖੇ ਰਹਿ ਕੇ ਸੰਗੀਤ ਦੀ ਖੋਜ ਅਤੇ ਨਵੀਆਂ ਨਵੀਆਂ ਬੰਦਸ਼ਾਂ ਤਿਆਰ ਕਰਨ ਵਿੱਚ ਰੁਝ ਗਏ। ਆਪ ਜੀ ਇਕਾਂਤ ਵਿੱਚ ਰਹਿਣਾ ਹੀ ਜ਼ਿਆਦਾ ਪਸੰਦ ਕਰਦੇ ਹਨ। ਆਪ ਸਾਰਾ-ਸਾਰਾ ਦਿਨ ਹੀ ਕਮਰੇ ਵਿੱਚ ਬਹਿ ਕੇ ਕੀਰਤਨ ਦਾ ਅਭਿਆਸ ਕਰਦੇ ਰਹਿੰਦੇ ਹਨ। ਜ਼ਿਆਦਾ ਫਿਰਨ ਤੁਰਨ ਅਤੇ ਕਿਸੇ ਨਾਲ ਵਾਧੂ ਬੋਲਣ-ਚਲਣ ਤੋਂ ਕਾਫੀ ਸੰਕੋਚ ਕਰਦੇ ਹਨ। 1997 ਵਿੱਚ ਆਪ ਜੀ ਦਾ ਮੇਲ ਭਾਈ ਅਵਤਾਰ ਸਿੰਘ 'ਹੰਸ' ਹੁਰਾਂ ਨਾਲ ਹੋਇਆ ਭਾਈ ਅਵਤਾਰ ਸਿੰਘ ਜੀ ਸੰਗੀਤ ਬਾਰੇ ਸੋਝੀ ਰੱਖਦੇ ਹਨ ਟਕਸਾਲੀ ਤਬਲਾ ਵਾਦਕ ਹਨ। ਇਹਨਾਂ ਦੇ ਤਬਲਾ ਵਾਦਨ ਤੋਂ ਨਿਰਮੋਲਕ ਸਾਹਿਬ ਬਹੁਤ ਪ੍ਰਭਾਵਿਤ ਹੋਏ ਅਤੇ ਫਿਰ ਕੁਝ ਸਮੇਂ ਬਾਅਦ ਭਾਈ ਅਵਤਾਰ ਸਿੰਘ ਨੂੰ ਨਾਲ ਲੈ ਕੇ ਆਪਣਾ ਰਾਗੀ ਜਥਾ ਸਥਾਪਿਤ ਕਰ ਲਿਆ ਅਤੇ ਸੰਗਰੂਰ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਨਾਨਕ ਪੁਰਾ ਵਿਖੇ ਕੀਰਤਨ ਸੇਵਾ ਸ਼ੁਰੂ ਕਰ ਦਿੱਤੀ। ਸਾਰੇ ਹੀ ਇਲਾਕੇ ਵਿੱਚ ਆਪ ਦੇ ਰਾਗੀ ਜੱਥੇ ਨੂੰ ਕੀਰਤਨ ਲਈ ਬੁਲਾਇਆ ਜਾਂਦਾ ਹੈ।

ਭਾਈ ਪੁਸ਼ਪਿੰਦਰ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਗਾਇਨ ਅਤੇ ਸ਼ੁੱਧ ਪਾਠ ਮੁਕਾਬਲਿਆਂ ਵਿੱਚ ਜੱਜ ਨਿਯੁਕਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹਨਾਂ ਨੇ ਕਾਫੀ ਸਨਮਾਨ ਹਾਸਲ ਕੀਤੇ ਹਨ। ਪਿੱਛੇ ਜਿਹੇ ਡੀ. ਸੀ. ਸਾਹਿਬ ਸੰਗਰੂਰ ਨੇ ਵੀ ਆਪ ਜੀ ਨੂੰ ਸਨਮਾਨਤ ਕੀਤਾ ਹੈ।

ਭਾਈ ਸਾਹਿਬ ਭਾਈ ਰਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ ਅਤੇ ਭਾਈ ਨਛੱਤਰ ਸਿੰਘ 'ਨਿਰਮੋਲਕ' ਹੁਰਾਂ ਦੇ ਕੀਰਤਨ ਤੋਂ ਕਾਫੀ ਪ੍ਰਭਾਵਿਤ ਹਨ। ਜ਼ਿਆਦਾ ਇਹਨਾਂ ਰਾਗੀਆਂ ਦੀਆਂ 'ਬੰਦਸ਼ਾਂ' ਆਪ ਜੀ ਗਾਉਂਦੇ ਹਨ।

ਆਸ ਕਰਦੇ ਹਾਂ ਭਾਈ ਪੁਸ਼ਪਿੰਦਰ ਸਿੰਘ 'ਨਿਰਮੋਲਕ' ਦਾ ਰਾਗੀ ਜਥਾ ਕਾਫੀ ਤਰੱਕੀ ਕਰੇਗਾ ਅਤੇ ਚੰਗਾ ਨਾਮਣਾ ਖੱਟੇਗਾ। ☬

# ਪੁਸਤਕ ਪੜਚੋਲ


## ਗੁਰਜੰਤ ਸਿੰਘ ਰਾਹੀ

ਬੀ-367, ਸੇਖੂ ਪੁਰਾ, ਸੁਨਾਮੀ ਗੇਟ, ਸੰਗਰੂਰ


**ਪੁਸਤਕ : ਰਾਗ ਮਾਲਾ ਰਤਨਾਕਰ     ਲੇਖਕ : ਉਸਤਾਦ ਸੁਰਜੀਤ ਸਿੰਘ**

**ਪ੍ਰਕਾਸ਼ਕ : ਦੀ ਕਲਗੀਧਰ ਟਰਸਟ ਸੰਤ ਅਤਰ ਸਿੰਘ ਹਰੀ ਆਸ਼ਰਮ**

ਸਚਿਆਰ ਹੋਇਆ ਮਨ ਆਪਣੇ ਕਰਤੇ ਦੀ ਭਾਲ ਵਿੱਚ ਮਗਨ ਹੋਇਆ ਇਕਾਗਰ ਬਿਰਤੀ ਨਾਲ ਜੋ ਕਰਮ ਕਰਦਾ ਹੈ ਉਹ ਕਲਾ ਦਾ ਮੁਢ ਹੈ ਉਸੇ ਕਿਰਿਆ ਨੂੰ ਬਾਰ-ਬਾਰ ਕਰਨ ਨਾਲ ਉਸ ਵਿੱਚ ਨਿਖਾਰ ਤੇ ਸੁਹਜ ਆ ਜਾਂਦਾ ਹੈ ਇੱਕ ਸੁਆਦ ਆਉਂਦਾ ਹੈ ਇੱਕ ਅਨੰਦ ਦੀ ਪ੍ਰਾਪਤੀ ਹੈ। ਇਕਾਗਰਤਾ ਨਾਲ ਖਿੱਚੀਆਂ ਲਕੀਰਾਂ ਜਾਂ ਰੰਗ ਦਾ ਭਰਿਆ ਬੁਰਸ਼ ਕੈਨਵਸ ਤੇ ਚਿਤ੍ਰਕਾਰੀ ਹੋ ਨਿਬੜਿਆ। ਜੁੜੇ ਮਨ ਨੇ ਸ਼ਬਦਾਂ ਦਾ ਸੁਮੇਲ ਕੀਤਾ ਤੇ ਉਹ ਕਵਿਤਾ ਕਹਿਲਾਈ। ਇਸੇ ਨੂੰ ਪੈਰਾਂ ਸਰੀਰ ਦੇ ਅੰਗਾਂ ਦੀ ਥਿਰਕਣ ਰਾਹੀਂ ਵਿਅਕਤ ਕੀਤਾ ਨਰਿਤ ਬਣਿਆ ਇਹ ਸਾਰੀਆਂ ਲਲਿਤ ਕਲਾਵਾਂ ਮਨੁੱਖੀ ਮਨ ਤੇ ਆਪਣਾ ਅਸਰ ਕਰਦੀਆਂ ਹਨ।

ਸੰਗੀਤ ਇਨਾਂ ਸਾਰੀਆਂ ਲਲਿਤ ਕਲਾਵਾਂ ਵਿੱਚ ਪ੍ਰਮੁੱਖ ਮੰਨਿਆ ਹੈ ਕਿਉਂਕਿ ਸੰਗੀਤ ਮਨੁੱਖੀ ਮਨ ਤੇ ਹੀ ਨਹੀਂ ਪ੍ਰਕ੍ਰਿਤੀ ਬਨਸਪਤੀ ਆਦਿ ਤੇ ਵੀ ਆਪਣਾ ਜਾਦੂਈ ਅਸਰ ਕਰਦੀ ਹੈ। ਸਿਆਣਿਆਂ ਨੇ ਦੁਨੀਆਂ ਵਿੱਚ ਢਾਈ ਜਾਦੂ ਮੰਨੇ ਹਨ ਜਿਨ੍ਹਾਂ ਦਾ ਮਨੁੱਖੀ ਮਨ ਤੇ ਅਸਰ ਹੁੰਦਾ ਹੈ। ਉਨ੍ਹਾਂ ਵਿੱਚੋਂ ਸੰਗੀਤ ਇੱਕ ਹੈ। ਇਸੇ ਕਰਕੇ ਗੁਰੂ ਸਹਿਬਾਨ ਨੇ ਆਪਣੇ ਇਲਾਹੀ ਕਲਾਮ ਨੂੰ ਜਿਸ ਨੂੰ ਅਸੀਂ ਗੁਰਬਾਣੀ ਜਾਂ ਧੁਰ ਕੀ ਬਾਣੀ ਆਖਦੇ ਹਾਂ ਨੂੰ ਰਾਗ ਬੱਧ ਤਾਲ ਬੱਧ ਕਰਕੇ ਗਾਇਆ। ਜਿਸ ਦਾ ਸਿੱਧਾ ਅਸਰ ਸੁਣਨ ਵਾਲੇ ਤੇ ਪਿਆ। ਇੱਕ ਸ਼ਬਦ ਨੇ ਹੀ ਸਜਨ ਠਗ ਵਰਗਿਆਂ ਨੂੰ ਸੱਜਣ ਬਣਾ ਦਿੱਤਾ। ਕੌਡੇ ਰਾਖਸ਼ ਵਰਗੇ ਮਨੁੱਖੀ ਮਾਸ ਦਾ ਆਹਾਰ ਕਰਨ ਵਾਲੇ ਕਿਵੇਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਆ ਨਮਸਤਕ ਹੋਏ। ਇਹ ਗੁਰਮਤਿ ਸੰਗੀਤ ਗੁਰਬਾਣੀ ਕੀਰਤਨ ਦਾ ਪ੍ਰਭਾਵ ਸੀ। ਗੁਰਬਾਣੀ ਦਾ ਨਿਰਬਾਣ ਕੀਰਤਨ ਗੁਰਮਤਿ ਸ਼ੈਲੀ ਵਿੱਚ ਗਾਇਨ ਕਰਨਾ ਗੁਰਬਾਣੀ ਕੀਰਤਨ ਕਹਾਇਆ। ਅੱਜ ਭਾਰਤੀ ਸੰਗੀਤ ਵਿੱਚ ਗੁਰਮਤਿ ਸੰਗੀਤ ਦੀ ਆਪਣੀ ਨਿਵੇਕਲੀ ਪਹਿਚਾਣ ਹੈ। ਗੁਰਮਤਿ ਸੰਗੀਤ ਦਾ ਗਾਇਨ ਕਰਦੇ ਸਮੇਂ ਜਿੱਥੇ ਕੀਤਰਨੀਏ ਸਰੋਤਿਆਂ ਨੂੰ ਕਰਤੇ ਨਾਲ ਜੋੜਦੇ ਹਨ ਉੱਥੇ ਨਾਲ-ਨਾਲ ਆਪਣੀ ਕਲਾ ਦਾ ਵੀ ਪ੍ਰਦਰਸ਼ਨ ਕਰਦੇ ਹਨ। ਜਦੋਂ ਕਿ ਬਾਕੀ ਸੰਗੀਤਕਾਰ ਸਿਰਫ ਕਲਾ ਦਾ ਪ੍ਰਦਰਸ਼ਨ ਕਰਦੇ ਹਨ।

ਅੱਜ ਵਿਗਿਆਨ ਦਾ ਯੁੱਗ ਹੈ ਵਿੱਦਿਆ ਦਾ ਪ੍ਰਚਾਰ ਵਧ ਰਿਹਾ ਹੈ। ਹਰ ਵਿਸ਼ੇ ਉੱਪਰ ਵਿਦਵਾਨਾਂ ਵਲੋਂ ਸਾਹਿਤ ਰਚਿਆ ਜਾ ਰਿਹਾ ਹੈ।

ਗੁਰਮਤਿ ਸੰਗੀਤ ਵੀ ਇਸ ਤੋਂ ਬਿਰਵਾ ਨਹੀਂ ਰਿਹਾ। ਵਿਦਵਾਨਾਂ ਨੇ ਗੁਰਬਾਣੀ ਸੰਗੀਤ ਦੇ ਖਜਾਨੇ ਨੂੰ ਵੀ ਭਰਪੂਰ ਕੀਤਾ ਹੈ।

ਦਰਵੇਸ ਸੰਗੀਤਕਾਰ ਉਸਤਾਦ ਸੁਰਜੀਤ ਸਿੰਘ ਜੀ ਗੁ: ਸਾਹਿਬ ਜਨਮ ਅਸਥਾਨ ਚੀਮਾ ਸਾਹਿਬ (ਸੰਗਰੂਰ) ਵਲੋਂ ਰਚਿਤ ਪੁਸਤਕ 'ਰਾਗ ਮਾਲਾ ਰਤਨਾਕਰ' ਮੇਰੇ ਸਾਹਮਣੇ ਹੈ। ਲੇਖਕ ਨੇ ਕਠਿਨ ਮਿਹਨਤ ਕਰਕੇ ਸੰਗਤਾਂ ਦੇ ਅਰਪਨ ਕੀਤੀ ਹੈ। (ਰਤਨ+ਆਕਰ) ਰਤਨਾਂ ਦੀ ਖਾਣ ਭਾਵ ਇਹ ਰਾਗ ਮਾਲਾ ਰਤਨਾਂ ਦੀ ਖਾਣ ਹੈ। ਅਮੁਕ ਖਜਾਨਾ ਹੈ। ਗੁਰਮਤਿ ਸੰਗੀਤ ਸ਼ੈਲੀ ਵਿੱਚ ਲਿਖੀਆਂ ਜਾ ਚੁੱਕੀਆਂ ਪਹਿਲੀਆਂ ਕਿਤਾਬਾਂ ਨਾਲੋਂ ਇਸਦਾ ਨਸ਼ਾ ਜਰਾ ਵੱਖਰਾ ਹੈ। ਜਿਵੇਂ ਗੁਰਬਾਣੀ ਰਾਗ ਅਨੁਸਾਰ ਉਚਾਰੀ ਹੈ। ਉਨ੍ਹਾਂ ਰਾਗਾਂ ਦੇ ਸ਼ਬਦਾਂ ਦੀਆਂ ਨਿਰਧਾਰਤ ਰਾਗ ਵਿੱਚ ਬੰਦਸ਼ ਕਰਕੇ ਗਾਉਣਾਂ ਨਿਰਧਾਰਤ ਰਾਗ ਕੀਰਤਨ। ਜਿਵੇਂ ਇੱਕ ਕਿਸਮ ਦਾ ਇੱਕ ਫੁੱਲ ਇਸ ਤਰ੍ਹਾਂ ਵੱਖਰੇ ਵੱਖਰੇ ਫੁੱਲ। ਇਹਨਾਂ ਫੁੱਲਾਂ ਨੂੰ ਸੁਚੱਜੇ ਹੱਥ ਜੇਕਰ ਇਕੱਠੇ ਕਰ ਦੇਣ ਤਾਂ ਉਸਨੂੰ ਫੁੱਲ ਨਹੀਂ ਗੁਲਦਸਤਾ ਕਹਿੰਦੇ ਹਨ।

ਠੀਕ ਇਸੇ ਤਰ੍ਹਾਂ ਇਸ ਪੁਸਤਕ ਵਿੱਚ ਗੁਲਦਸਤੇ ਲਿਖੇ ਗਏ ਹਨ। ਜਿਵੇਂ ਪੜਤਾਲ ਸ਼ੈਲੀ ਵਿੱਚ ਇੱਕ ਰਾਗ ਅਤੇ ਤਾਲ ਬਦਲਦੇ ਰਹਿੰਦੇ ਹਨ। ਇਸ ਦੇ ਵਿਪਰੀਤ ਗੁਲਦਸਤਾ ਗਾਉਣ ਵੇਲੇ ਤਾਲ ਇੱਕ ਹੀ ਰਹਿੰਦਾ ਹੈ। ਹਰ ਅੰਤਰਾ ਵੱਖਰੇ ਵੱਖਰੇ ਰਾਗ ਵਿੱਚ ਗਾਇਨ ਕੀਤਾ ਜਾਂਦਾ ਹੈ। ਜੋ ਸਰੋਤਿਆਂ ਤੇ ਪ੍ਰਭਾਵ ਪਾ ਕੇ ਆਨੰਦ ਪ੍ਰਦਾਨ ਕਰਦਾ ਹੈ। ਪਰ ਇਹ ਸ਼ੈਲੀ ਐਨੀ ਸੌਖੀ ਨਹੀਂ ਹੈ ਕਠਿਨ ਸਾਧਨਾ ਮੰਗਦੀ ਹੈ। ਰਾਗ ਤੇ ਪੂਰਾ ਅਧਿਕਾਰ ਮੰਗਦੀ ਹੈ।

'ਰਾਗਮਾਲਾ ਰਤਨਾਕਾਰ' ਵਿੱਚ ਕੁਲ 30 ਗੁਲਦਸਤੇ ਲਿਪੀ ਬਧ ਕੀਤੇ ਗਏ ਹਨ ਜਿਨ੍ਹਾਂ ਵਿੱਚ ਤਕਰੀਬਨ ਇੱਕ ਸੌ ਛੇ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਕੀਰਤਨ ਸ਼ੈਲੀ ਨੂੰ ਧਿਆਨ ਵਿੱਚ ਰੱਖਦੇ ਲੇਖਕ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਹੈ ਕਿ ਇੱਕ ਗੁਲਦਸਤੇ ਵਿੱਚ ਵਰਤਣ ਵਾਲੇ ਰਾਗਾਂ ਦਾ ਸਮਾਂ ਇੱਕ ਹੀ ਹੋਵੇ। ਇਹ ਗਲ ਲੇਖਕ ਦੇ ਪੂਰਨ ਵਿਦਵਾਨ ਹੋਣ ਦੀ ਸੂਚਕ ਹੈ। ਜਿਵੇਂ ਭੈਰਉ ਰਾਗ ਵਿੱਚ 'ਹਰਿ ਹਰਿ ਨਾਮ ਜਪਓ ਬਨਵਾਰੀ' ਸਥਾਈ ਭੈਰਵ ਅੰਤਰੇ ਕ੍ਰਮਵਾਰ ਅਹੀਰ ਭੈਰਵ, ਨਟ ਭੈਰਵ, ਬੈਰਾਗੀ ਭੈਰਵ ਤੇ ਆਨੰਦ ਭੈਰਵ ਦੀ ਵਰਤੋਂ ਕੀਤੀ ਹੈ। ਏਸੇ ਤਰ੍ਹਾਂ ਖਮਾਜ ਥਾਟ ਦਾ ਗੁਲਦਸਤਾ ਸਥਾਈ ਰਾਗ ਸੋਰਠਿ ਅੰਤਰਾ ਕ੍ਰਮ ਅਨੁਸਾਰ ਝੰਝੋਟੀ, ਖੰਬਾਵਤੀ, ਰਾਗੇਸ਼ਵਰੀ ਕਲਾਵਤੀ। ਏਸੇ ਤਰ੍ਹਾਂ ਪੰਜ ਰਾਗਾਂ ਦਾ ਗੁਲਦਸਤਾ ਤਾਲ ਰੂਪਕ ਵਿੱਚ ਸਥਾਈ ਸਾਰੰਗ ਸ਼ੁਧ ਅੰਤਰਾ ਮਧਮਾਦ ਸਾਰੰਗ, ਵਰਿੰਦਾਵਨੀ ਸਾਰੰਗ, ਮੀਆਂ ਕੀ ਸਾਰੰਗ ਨੂਰ ਸਾਰੰਗ, ਗੁਰਬਾਣੀ ਦੇ ਵੱਖ-ਵੱਖ ਰਾਗਾਂ ਦੇ ਸ਼ਬਦ ਲੈ ਕੇ ਉਨ੍ਹਾਂ ਦੇ ਗੁਲਦਸਤੇ ਤਿਆਰ ਕੀਤੇ ਹਨ।

ਇਨ੍ਹਾਂ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਮੁੱਖ ਇਕੱਤੀ ਰਾਗਾਂ ਦਾ ਗੁਲਦਸਤਾ ਜੋ ਤੀਨ ਤਾਲ ਵਿੱਚ ਨਿਬੱਧ ਹੈ। ਹਰ ਅੰਤਰਾਂ ਨਵੇਂ ਰਾਗ ਵਿੱਚ ਹੈ ਕੁਲ ਇਕੱਤੀ ਅੰਤਰੇ ਹਨ। ਇਸ ਦੀ ਬੰਦਸ਼ ਗੁਰਬਾਣੀ ਦਾ ਸ਼ਬਦ ਨਹੀਂ ਹੈ। ਪਰ ਐਸੀ ਕਾਵਿ ਰਚਨਾ ਹੈ ਜੋ ਸੰਗਤਾਂ ਵਿੱਚ ਗਾਈ ਜਾ ਸਕਦੀ ਹੈ। ਹਰ ਗੁਣ ਗਾਵਤ ਰਾਗ ਬਹਾਰਾਂ ਦੇ ਸਿਰਲੇਖ ਹੇਠ। 13 ਰਾਗਾਂ ਦਾ ਇੱਕ ਗੁਲਦਸਤਾ ਪੇਸ ਕੀਤਾ ਹੈ। ਇਸ ਵਿੱਚ ਰਾਗ ਦੇ ਸਮੇਂ ਅਤੇ ਪ੍ਰਭਾਵ ਦਾ ਵਰਨਣ ਹੈ। ਕਵਿਤਾ ਦੀ ਰਚਨਾ ਵੀ ਭਾਈ ਸੁਰਜੀਤ ਸਿੰਘ ਜੀ ਦੀ ਆਪਣੀ ਹੈ ਜੋ ਇਨ੍ਹਾਂ ਦੇ ਸਰਬਗੁਣ ਸੰਪੰਨ ਹੋਈ ਦੀ ਗਵਾਹੀ ਭਰਦੀ ਹੈ। ਬੰਦਸ਼ਾਂ ਕਰਨ ਵੇਲੇ ਸ਼ਬਦਾਂ ਦੀ ਚੋਣ ਬਹੁਤ ਵਧੀਆ ਹੈ ਪਰ ਕੁਝ ਬੰਦਸ਼ਾਂ ਵਿੱਚ ਇੱਕ ਰਾਗ ਵਿੱਚ ਇੱਕ ਪੰਗਤੀ ਹੀ ਆਈ ਹੈ। ਦੂਸਰੀ ਪੰਗਤੀ ਦੂਸਰੇ ਰਾਗ ਵਿੱਚ ਗਾਉਣ ਵੇਲੇ। ਜਾਂ ਤਾਂ ਹਰ ਪੰਗਤੀ ਦੋ ਵਾਰ ਗਾਈ ਜਾਵੇ ਤਾਂ ਕਿ ਸਰੋਤਿਆਂ ਨੂੰ ਰਾਗ ਦਾ ਅੰਤਰ ਪਤਾ ਲਗ ਸਕੇ। ਖੈਰ ਇਹ ਵਿਦਵਾਨਾਂ ਨੇ, ਗੁਰੂ ਕੀਰਤਨੀਆਂ ਨੇ ਜਦੋਂ ਅਭਿਆਸ ਕਰਕੇ ਸੰਗਤਾਂ ਦੇ ਪੇਸ਼ ਕਰਨਾ ਹੈ ਤਾਂ ਸੋਹਜ ਆਪਣੇ ਆਪ ਪੈਦਾ ਹੋ ਜਾਣਾ ਹੈ।

ਅਖੀਰ ਤੇ ਮੈਂ ਵਿਦਵਾਨਾਂ ਸੰਗੀਤ ਅਧਿਆਪਕਾਂ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਨੂੰ ਆਪਣੇ ਖਜਾਨੇ ਵਿੱਚ ਰਾਗ ਮਾਲਾ ਰਤਨਾਕਾਰ ਜਮਾ ਕਰਨ ਦੀ ਸਿਫਾਰਸ ਕਰਦਾ ਹਾਂ। ਅਧਿਆਪਕ ਵਿਦਿਆਰਥੀਆਂ ਨੂੰ ਗੁਲਦਸਤੇ ਤਿਆਰ ਕਰਵਾ ਕੇ ਸੰਗਤਾਂ ਦੀ ਭੇਟ ਕਰਨ। ਸ਼ੁਰੂ ਦੇ ਕੀਰਤਨੀਏ ਗੁਰੂ ਕੇ ਹਜ਼ੂਰ ਸੰਗਤਾਂ ਨੂੰ ਗੁਲਦਸਤੇ ਭੇਟ ਕਰਨ ਤਾਂ ਕਿ ਪਰੀਆਂ ਦਾ ਪਰਿਵਾਰ ਜੋ ਰਾਗ ਰੂਪੀ ਰਤਨ ਲੈ ਕੇ ਗੁਰੂ ਜੀ ਦੇ ਚਰਨਾਂ ਵਿੱਚ ਆਇਆ ਸੀ ਉਸ ਬਗੀਚੇ ਦੇ ਖਿੜੇ ਫੁੱਲ ਜੋੜ ਕੇ ਤਿਆਰ ਕੀਤਾ ਗੁਲਦਸਤਾ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਪੇਸ਼ ਕਰੀਏ ਅਤੇ ਗੁਰੂ ਕੀਆਂ ਖੁਸ਼ੀਆਂ ਦੇ ਪਾਤਰ ਬਣੀਏ। ਜਿੱਥੇ ਤੁਸੀਂ ਗੁਰੂ ਕੀ ਨਦਰੇ ਇਨਾਇਤ ਦੇ ਭਾਗੀ ਬਣੋਂਗੇ। ਉੱਥੇ ਹੀ ਉਸਤਾਦ ਸੁਰਜੀਤ ਸਿੰਘ ਜੀ ਵਲੋਂ ਕੀਤੀ ਗਈ ਘਾਲ ਥਾਂਏ ਪਵੇਗੀ। ਜਿੱਥੇ ਸੁਣਤੇ ਪੁਨੀਤ ਹੋਣਗੇ ਉੱਥੇ ਕਹਿਤਿਆਂ ਨੂੰ ਵੀ ਪਵਿੱਤਰਤਾ ਹਾਸਿਲ ਹੋਵੇਗੀ। ☬


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ** (ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ

ਪੂਸਾ ਰੋਡ, ਨਵੀਂ ਦਿੱਲੀ 110 060 ਫੋਨ: 5853955

*With compliments from*

**Kulvinder Singh**

Phone : (O) 3312440
Resi. : 5721753

**SAWHNEY CLOTH HOUSE**

46, Shanker Market, Connaught Circus, New Delhi - 110 001

# Music Worship - the gift of Guru Nanak

Chris Mooney Singh
e-mail : munisingh@yahoo.com - SINGAPORE

Writing in the forward to 'Indian Classical Music and Sikh Kirtan' by G.S. Mansukhani in 1982, Raghava R. Menon, an Indian diplomat, arts journalist and author revealed with genuine awe and penetrating insight an essential truth about the uniqueness of the Sikh Faith. His comments are all the more authoritative as he says is true to his other writings which are both pragmatic and lofty and full of the intellectual grace of true scholarship. His perceptions about the profound value of *shabad kirtan*, singing the praise of God, deserves to be further highlighted and expanded upon here in the way that one might improvise on a haunting melodic phrase that echoes with resonant implications and truths.

When Guru Nanak, the founder of the Sikh Religion embarked on his mission more than 500 years ago, he chose to do so with the inspired Word of God set to music. Wherever he went, his poems communicated in a deeply enriching way an ecstatic depiction of the Formless One who Nanak called *Ek Ongkar*. Audiences were charmed, entranced and inspired by the unique poet-singer from Punjab, accompanied by his Muslim-born companion Bhai Mardana who played the *rabab*. This plucked musical instrument which has its origins in Persia was brought to India during the Gaznavi invasions in the 11th Century. Nanak and Mardana (who himself later became a saint-apostle through the blessings of his Master), travelled North, South, East and West throughout India and far beyond to other lands for more than 20 years.

Wherever he went Nanak drew upon the languages and local folk tunes for his song-poems. At many places the Guru established rest houses known as *dharamshala* and instituted the practice of serving the poor and needy through *langar*, or free community kitchen. There are many instances where he had wells dug, notably in places thought too arid or lacking altogether in water. These centres also provided free accommodation to travellers and religious pilgrims. Such centres were also venues where devotional songs communicated the Guru's message.

After the years of journeying beyond India to Sri Lanka, Tibet, Mecca, Baghdad and other Middle-Eastern places, Guru Nanak and Bhai Mardana returned home to establish a permanent centre of pilgrimage for his international congregation at Kartarpur, now in Pakistan. It was time to build and consolidate the new form of the Sikh religion by instituting a system of morning and evening of personal meditation and recitation of hymns, followed by congregational worship through music. This is known as *sadh sangat* or *satsang* (literally meaning 'the company of Truth') which is an essential part of Sikh spiritual practices. Low-pitched string instruments such as the *rabab*, rich in sympathetic resonance were perfect accompaniment for the singing voice, which inspired a mood of holiness, purity and peace.

Music worship cut across all barriers of caste and religion. It attracted all kinds of people from many walks of life. Kings,

scholars, religious divines and simple householders all fell under the sway of Nanak's personality and music. Kirtan, was the universal medium that relaxed the minds and softened the hearts of listeners and awakened them fully to Nanak's message. Even the holy men of Mecca and Baghdad, entrenched in the view that music excites the lower passions and is therefore unsuitable as a vehicle for the Word of Allah, were overwhelmed by the unstoppable power of Nanak's song. Moreover, the subtle logic of his discourse further convinced them of the truth behind his words. Wherever he went, the Guru addressed individuals directly through song. His message, supported by the mellow voice of the *rabab* had the power to transform murderers, thieves, black magicians and cannibals into religious preachers and pious devotees of God.

Guru Nanak was able to do such things and much more because he also knew the spiritual science of music. He had a complete command over the intrinsic power of Nad, the Primordial Sound, which according to Sikh teaching, is the basis of the Universe. Guru Nanak knew how it is channeled through musical structures known as ragas, played at special times of the day or night, at particular seasons or on special occasions; these were chosen by Guru Nanak as the vehicle for his divine poems and evoked spiritual growth of consciousness. For example, the serious and detached mood of *Ramkali* was especially suitable for *yogis* and recluses who lived under the false belief that spiritual life meant abandoning society and household responsibilities. Singing in this *raga* was an immediate way to attract their attention. By contrast, *Rag Asa*, is one of the sweetest and most popular ragas included in Sri Guru Granth Sahib. It is well known in Muslims countries such as Afghanistan (but more familiarly known as *Rag Mand* in India) and was a popular choice when the Guru addressing Muslim congregations. *Asa Di Var*, one of Guru Nanak's most important compositions was composed at the request of Sheik Ibrahim when the Guru stayed as his guest at Pak Pattan now in modern day Pakistan. Sheik Ibrahim was a successor of Sheik Farid, whose compositions are included in the Sikh holy scripture.

Six of the nine successors of Nanak were also equally great poets and musicians and their works are combined with selected compositions of many saints of Hinduism and Indian Islam in the form of Sri Guru Granth Sahib, revered today as the 11th Guru and permanent embodiment of wisdom and Divine blessings. Guru Nanak used 19 ragas and subsequent Gurus brought the total number to 31. There are also more than 30 mixed variants that the Gurus selected that are included as well. In fact, the Holy Scripture's 1430 pages and nearly 6,000 poetical compositions is musicologically organised. *Sangeet* was so important to the Gurus that each composition is arranged first according to raga, then ghar (the rhythmic measure) followed by *Mehl-* the numerical designation of each Guru. Thus, the art of music has always been given pride of place in the Sikh religion.

Throughout earlier history, musicians and poets have been highly respected members of Sikh society. Many compositions of *bhats* or bards associated with Sikh *Darbar*

have been included in a special section of Sri Guru Granth Sahib. There are other great examples of famous Sikh musicians such as Babak from the court of Guru Hargobind who was also equally honoured as a fine soldier. Anyone who had learned the art of singing the Guru's shabad and the playing of *rabab*, *siranda*, *mirdang* was guaranteed a place in the house of the Guru. Later, the duty of artistic patronage was taken up by ruling Sikh maharajas. A story associated with Maharaja Ranjit Singh, the ruler of the first and only Sikh Kingdom in the first half of the 19th Century illustrates how much Sikh musicians were held in respect. Oneday, a notable *rababi* of Harimandir Sahib, was told to get ready for the special visit and homage by Ranjit Singh himself. The pious rababi quickly locked himself up in his room and refused to come out. When the Maharaja asked him to appear he answered that if gold was to come to his house, then art would go out.

Such example show the importance of music in the religion. It is impossible to conceive of Sikhi without its rich musical heritage. This unique way of presenting the philosophy of the Word continues to effect, not only the hearts of the about 20 million Sikhs today, but also millions more throughout India and Pakistan where the name of Nanak is respected and revered. In India, Guru Nanak's birthday is celebrated as a national holiday alongside the founders of other faiths. The names of Nanak and the Sikh faith have spread and continues to spread largely through the power of devotional music, which is the main medium of communicating its beliefs, practices and doctrines.




# KARMA

Sujan Singh

67, Kailash Apartment, New Delhi - 110 048.

In Sikh Review, August issue. Member forum there is one article on *Karma*. The entire world is run as per Law of nature (God). Because of its source the Law is just. The Law of nature operates automatically and the Law maker does not come into it. If any thing goes wrong it is due to our *Karma's*. Many times when one is suffering from disease or is in trouble one says *Waheguru di marzi/* Gods 'will'. *Waheguru* (God) is supreme and does not cause any suffering to any one.

*kaura bol nah jane puran bhagwane*

*Karam* starts in the mind (thought) then flows into speech and then physical action. Normally no one stops thinking so the chain of *Karama* goes on. There is only one exception when our mind is well tuned with God name. This happens if one is in meditation or (*Naam Simranun*) reciting *Naam / Waheguru.*

*Karam* is usually with some motive. It is the motive which binds with the Karam as well as reaction (to the Karam). when there is no motive and action is done only as duty or in devotion to God such *Karma* has no reaction.

*karam karat hove neh karam*
*tis baisnav ka nirmal dharam*
*kahoon phal ki icha nahi bachaey*
*kewal bhagat kirtan sang rache*

These days (*Kalyug*) most People lead a Malerialistic life and *Karma* is done with a motive. To achieve this they induldge in *Kam*, *Krodh*, *Lobh*, *Moh* and *Ahankar*. They get what they want to keep them *sukhi* and happy. Such happiness is not real. It does not last all the time and its duration is short lived. As *Karma* is done with a motive to have *sukh* its reaction is there which is in some form of *Dukh* which one has to face. That is the only remedy to neutralise reaction of *sukh*.

*dukh daru sukh rog bhea*

From the above it is clear that one should do *Karma* as duty. Services and devotion to God without any motive so that *Karam Karat Hove Neh Karam.*

**ਲੇਖਕਾਂ ਲਈ ਬੇਨਤੀ**

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਂਕ ਆਦਿ ਭੇਜਣ ਦੀ ਖੇਚਲ ਕਰਨ।

ਗੁਰ ਸੇਵਾ ਤੇ ਜੁਗ ਚਾਰੇ ਜਾਤੇ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ

PHONES : 701238, 713915, 701396

IN THE SERVICE OF HUMANITY

# ADI GRANTH - A HOLY TANK FULL OF NECTAR

**Maheep Singh**

At the end of the Adi Granth or Guru Granth Sahib, its compiler, Guru Arjun Dev, summed up the value of the Granth thus: In this dish are placed three things- Truth, Harmony and Wisdom. These are seasoned with the name of God which is the basis of all. Whoever eats and enjoys it, shall be saved. The Adi Granth is a unique scripture, as it contains hymns of 36 saint poets covering a period that ranges from 12$^{th}$ century (Jaidev) to 17$^{th}$ century (Guru Tegh Bahadur). These saints represent a large part of India - Punjab to Maharashtra and Rajasthan to Bengal.

The Adi Granth embraces the whole of Indian subcontinent and people of all castes and creeds. This indicates, Guru Arjun's universal catholic outlook where spiritual truths were welcome from whatever source they came. This was a sure way to counter caste and other prejudices and to instill an attitude of tolerance among the people. As a matter of fact, the Granth was intended to be a kind of people's Bible for Indian humanity, a treasure-house of lofty spiritual and moral teachings. The contents of the Granth are in accordance with the ragas or classical Indian musical measures headed by the principal among these, *Sri Raga*. At the opening are the three prayer texts - *Japuji*, *Rahiras* and *Sohila*, which form the staple of the Sikh daily prayer. Like the rest of the contents of the Holy Book, their themes are the spiritual vision of the infinite, moral insights and expression of devotion to the creator. The musical arrangement of the Granth is in accordance with the tradition of poetic compilations in medieval India. The poetry of pure devotion, lyrical rather than philosophical, moral rather than cerebral. It prescribes no social code, yet it is the basis of Sikh practice as well as devotion. It is the living source of authority, the ultimate guide to the spiritual and moral path.

The Granth is arranged not subject-wise, but according to the musical measure (*raga*) in which a hymn is meant to be sung. There are in all 31 such measures used in it.

The Adi Granth, though purely a religious work, throws light on political, social and cultural conditions of the time. There is a direct reference in the poetry of Guru Nanak, where he denounces the cruelty, the bigotry and the extortionist ways of the kings and their courtiers. Guru Nanak calls kings tigers and their officials dogs, who wake people out of their beds. The king's servants tear nails into the bodies of the subjects and suck their blood. The *Qazis* who sit in the courts to minister justice, rosary in their hand and the name of *Khuda* on their lips, commit injustice if their palm is not greased.

Guru Nanak not only witnessed the attack of Mughal forces led by Babar, he even suffered it. He was witness to the orgy of bloodshed and carnage and dishonouring of women-folk by Babar's soldiers, which occurred near Saidpur (later called Eminabad) near Gujranwala.

Guru Nanak's four hymns constitute a dirge on India's defeat and a heart-felt cry over the pathetic situation. He alone, among

the saints of India over the centuries, had the patriotic impulse and prophetic vision of the shaping of history by the hand of God. His feeling was for the suffering of all the people of the land -Hindus as well as Muslims -and he raised his cry of protest at the invasion of the land which he called "Hindustan". In agony he took even God to task.

Guru Arjun Dev, while compiling the holy Granth, took care to include in it the hymns of devotion composed by some of the so-called untouchable *bhaktas* (devotees). This was meant to demonstrate that in the eyes of the Guru, not only should an untouchable receive religious ministrations, but he should have in him piety and enlightenment, also set up as a teacher. Out of such *bhaktas* of the lower castes were Kabir, a weaver, Ravidas, a cobbler; Namdev, a dyer and Sadna, a butcher. In their own pronouncements, the Gurus have thus left their testaments: "God's teaching to all four castes, *Khatri*, *Brahmins*, *Shudra* and *Vaish* may be imparted. Whoever, by the master's guidance, utters the holy name is liberated."

The Gurus raised their voice against the arrogance of the upper caste people. Their hearts were full of compassion for the so-called lower castes who, besides being deprived of an honored place in the society, including the right to possess land and house property, were also denied the ministrations of religion. This meant that the path of liberation was sought to be denied to them. Guru Nanak placed himself on a level with these poor disinherited folk out of a spirit of compassion for them.

The Adi Granth is like the holy tank full of nectar. Everyone, irrespective of one's religion, can have a dip in it without restriction. The Granth purifies heart, stimulates and animates the soul.

---

*Courtesy:* The Hindustan Times

ਅੰਮ੍ਰਿਤੁ ਕੀਰਤਨ ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

ਸਾਡਾ ਵਿਰਸਾ ਸਾਡਾ ਗੌਰਵ
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ
ਲੁਧਿਆਣਾ - 141 002

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Phulkari
Art Craft

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਮਹਲਾ ੩ | 3rd Guru. | ਤੀਜੀ ਪਾਤਿਸ਼ਾਹੀ |
|---|---|---|
| ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥ | What know I, how shall I die and what sort of death shall it be? | ਮੈਂ ਕੀ ਜਾਣਦਾ ਹਾਂ ਕਿ ਕਿਸ ਤਰ੍ਹਾਂ ਮਰਾਂਗਾ ਅਤੇ ਇਹ ਕਿਸ ਕਿਸਮ ਦੀ ਮੌਤ ਹੋਵੇਗੀ? |
| ਜੇਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥ | If within my mind, I forget not the Lord, then, my death shall be easy. | ਜੇਕਰ, ਆਪਣੇ ਚਿੱਤ ਅੰਦਰ ਮੈਂ ਸੁਆਮੀ ਨੂੰ ਨਾ ਭੁੱਲਾਂ ਤਦ, ਮੇਰੀ ਮੌਤ ਸੁਖਾਲੀ ਹੋਵੇਗੀ। |
| ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥ | The world is afraid of death. Everyone desires to live. | ਮੌਤ ਪਾਸੋਂ ਸੰਸਾਰ ਭੈ ਕਰਦਾ ਹੈ। ਹਰ ਕੋਈ ਜੀਉਣਾ ਚਾਹੁੰਦਾ ਹੈ। |
| ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ॥ | He alone, who by Guru's grace dies in life, understands Lord's will. | ਕੇਵਲ ਓਹੀ, ਜੋ ਗੁਰਾਂ ਦੀ ਦਇਆ ਦੁਆਰਾ ਜੀਉਂਦੇ ਜੀ ਮਰ ਜਾਂਦਾ ਹੈ, ਸੁਆਮੀ ਦੀ ਰਜ਼ਾ ਨੂੰ ਸਮਝਦਾ ਹੈ। |
| ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥੨॥ | Nanak, if man dies such a death, then, he continues to live for ever. | ਨਾਨਕ, ਜੇਕਰ ਬੰਦਾ ਐਹੋ ਜੇਹੀ ਮੌਤੇ ਮਰ ਵੰਞੇ ਤਦ, ਉਹ ਹਮੇਸ਼ਾਂ ਲਈ ਜੀਉਂਦਾ ਰਹਿੰਦਾ ਹੈ। |
| ● | ● | ● |
| ਤੂੰ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥ | Thou art All-powerful and great. My understanding is but paltry, O Lord. | ਤੂੰ ਸਰਬ-ਸ਼ਕਤੀਵਾਣ ਅਤੇ ਵਿਸ਼ਾਲ ਹੈਂ ਅਤੇ ਕੇਵਲ ਤੁੱਛ ਹੈ ਮੇਰੀ ਅਕਲ, ਹੇ ਸਾਹਿਬ! |
| ਪਾਲਹਿ ਅਕਿਰਤ ਘਣਾ ਪੂਰਨ ਦ੍ਰਿਸਟਿ ਤੇਰੀ ਰਾਮ॥ | Thou Cherishest even the ungrateful. Brimful of grace is Thine look, O God. | ਤੂੰ ਨਾ-ਸ਼ੁਕਰਿਆਂ ਦੀ ਵੀ ਪ੍ਰਤਿਪਾਲਣਾ ਕਰਦਾ ਹੈਂ। ਰਹਿਮਤ ਨਾਲ ਪਰੀ ਪੂਰਨ ਹੈ ਤੇਰੀ ਨਜ਼ਰ, ਹੇ ਵਾਹਿਗੁਰੂ! |
| ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥ | Unfathomable is Thy knowledge, O Infinite Creator. I am low and know nothing. | ਅਥਾਹ ਹੈ ਤੇਰੀ ਗਿਆਤ ਹੇ ਬੇਅੰਤ ਸਿਰਜਣਹਾਰ। ਮੈਂ ਕਮੀਣ ਹਾਂ ਅਤੇ ਕੁਝ ਭੀ ਨਹੀਂ ਜਾਣਦਾ। |
| ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚ ਇਆਨਾ॥ | Rejecting the Name jewel, I have amassed shells. I am a degraded and ignorant brute. | ਨਾਮ ਦੇ ਹੀਰੇ ਨੂੰ ਛੱਡ ਕੇ ਮੈਂ ਸਿੱਪੀਆਂ-ਘੋਗੇ ਇਕੱਤਰ ਕੀਤੇ ਹਨ। ਮੈਂ ਅਧਮ ਅਤੇ ਬੇਸਮਝ ਡੰਗਰ ਹਾਂ। |
| ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥ | By continually committing sins, I have amassed what is very unstable and forsakes the man. | ਪਾਪਾਂ ਨੂੰ ਲਗਾਤਾਰ ਕਮਾ ਕੇ, ਮੈਂ ਉਸ ਨੂੰ ਇਕਤਰ ਕੀਤਾ ਹੈ ਜੋ ਪਰਮ ਅਨ-ਸਥਿਰ ਹੈ ਅਤੇ ਇਨਸਾਨ ਨੂੰ ਛੱਡ ਜਾਂਦੀ ਹੈ। |
| ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ॥੩॥ | Nanak has sought Thy protection, O All-powerful Lord. Now preserve thou my honour. | ਨਾਨਕ ਨੇ ਤੇਰੀ ਪਨਾਹ ਲਈ ਹੈ ਹੇ ਸਰਬ-ਸ਼ਕਤੀਵਾਨ ਸਾਹਿਬ! ਹੁਣ ਤੂੰ ਮੇਰੀ ਪੱਤ-ਆਬਰੂ ਰੱਖ। |

# ਸੁਰ ਲਿਪੀਆਂ

## ਪ੍ਰੋ. ਪਰਮਜੋਤ ਸਿੰਘ

ਕਾਲਜ ਰੋਡ, ਮੁੱਲਾਂ ਪੁਰ (ਲੁਧਿਆਣਾ)

### ਰਾਗ ਬਿਹਾਗੜਾ

ਸੁਰ : ਨੁ ਕੋਮਲ ਮੇ ਤੀਬਰ ਦਾ ਕਦੇ ਕਦੇ ਪ੍ਰਯੋਗ, ਥਾਟ : ਬਿਲਾਵਲ, ਵਾਦੀ : ਮ, ਸੰਵਾਦੀ : ਸ,
ਜਾਤੀ : ਔੜਵ ਸੰਪੂਰਣ, ਵਰਜਿਤ ਸੁਰ : ਅਰੋਹ ਵਿੱਚ ਰ ਧ, ਸਮਾਂ : ਰਾਤ ਦਾ ਦੂਜਾ ਪਹਿਰ
ਅਰੋਹ : ਸ ਨ਼ ਸ ਗ ਮ ਪ ਨ ਸਂ, ਅਵਰੋਹ : ਸ ਨ ਧ ਪ ਨੁ ਧ ਪ ਗ ਮ ਗ ਰ ਸ
ਮੁਖ ਅੰਗ : ਗ ਮ ਪ ਧ ਨ ਸਂ, ਵਿਸ਼ੇਸ਼ ਸੰਖੇਪ ਵਿਸਥਾਰ : ਨ ਧ ਪ ਨੁ ਧ ਪ ਗ ਮ ਗ ਰ ਸ

ਤਿੰਨ ਤਾਲ

| 3 | | | | X | | | | 2 | | | | 0 | | | |
|---|---|---|---|---|---|---|---|---|---|---|---|---|---|---|---|
| | | | | | | | | | | | | | | *ਸਥਾਈ:* | ਗ |
| | | | | | | | | | | | | | | | ਕਿ |
| ਮ | ਪਧ | ਨੁ | ਧ | ਪ | ਧ | ਪ | - | - | - | ਗ | ਮ | ਗ | ਰਰ | ਸ | - |
| ਆ | ਜਾS | S | S | ਣਾ | S | S | S | S | S | ਕਿ | ਵ | ਮ | ਰਹ | ਗੇ | S |
| ਨ਼ | ਸ | ਗ | ਮ | ਪ | ਧ | ਨੁ | ਧ | - | ਪਪ | ਪ | ਗਮ | ਗ | ਰ | ਸ | ਗ |
| ਕੈ | S | ਸਾ | S | ਮ | ਰ | ਣਾ | S | S | ਹੋS | S | SS | ਇ | S | S | ਕਿ |
| *ਅੰਤਰਾ:* | | | | | | | | | | | | | | | |
| ਪ | ਪ | ਨ | ਨ | ਸਂ | ਸਂ | ਸਂ | ਸਂ | ਗਂ | ਗਂ | ਗਂਗਂ | ਮਂ | ਗਂ | ਰਂ | ਸਂ | - |
| ਜੇ | S | ਕ | ਰਿ | ਸਾ | S | ਹਿ | ਬ | ਮ | S | ਨਹੁ | ਨ | ਵੀ | ਸ | ਰੈ | S |
| ਪ | ਰਂ | ਸਂ | ਨ | ਪ | ਧ | ਨੁ | ਧ | - | ਪਧ | ਪ | ਗਮ | ਗ | ਰ | ਸ | ਗ |
| ਤਾ | S | S | S | ਸ | ਹਿ | ਲਾ | S | S | ਮਰ | ਣਾ | SS | ਹੋ | S | ਇ | ਕਿ |

| 3 | | | | X | | | | 2 | | | | 0 | | | |
|---|---|---|---|---|---|---|---|---|---|---|---|---|---|---|---|
| *ਸਥਾਈ:* | | | | | | | | | | | | | | | |
| ਨ਼ | ਸ | ਗ | ਮ | ਪ | ਧ | ਪ | ਮ | ਗ | ਗ | ਗ | ਮ | ਗ | ਰ | ਸ | - |
| ਤੂ | S | ਸ | ਮ | ਰ | S | ਥੁ | ਵ | ਡਾ | S | S | S | S | S | S | S |
| ਨ਼ | ਸ | ਗ | ਮ | ਪ | ਧ | ਨੁ | ਧ | - | ਪਧ | ਪ | ਗਮ | ਗ | ਰ | ਸ | - |
| ਮੇ | ਰੀ | ਮ | ਤਿ | ਥੋ | S | ਰੀ | S | S | ਰਾS | S | SS | ਮ | S | S | S |
| *ਅੰਤਰਾ:* | | | | | | | | | | | | | | | |
| ਪ | ਪ | ਨ | ਨ | ਸਂ | ਸਂ | ਸਂ | ਸਂ | ਗਂ | ਗਂ | ਗਂ | ਮਂ | ਗਂ | ਰਂ | ਸਂ | - |
| ਪਾ | S | ਲਹਿ | ਅ | ਕਿ | ਰ | ਤ | ਘ | ਣਾ | S | S | S | S | S | S | S |
| ਪ | ਰਂ | ਸਂ | ਨ | ਪ | ਧ | ਨੁ | ਧ | - | ਪਧ | ਪ | ਗਮ | ਗ | ਰ | ਸ | - |
| ਪੂ | ਰਨ | ਦ੍ਰਿਸ | ਟਿ | ਤੇ | S | ਰੀ | S | S | ਰਾS | S | SS | ਮ | S | S | S |

Postal Regd. No. PB/0135/2000 RNI Regd. No. 46788/89 ISSN 0972-2335







The Retail Banking Boutique gifts you the convenience of instant loan facilities at

565, Railway Road, Gurgaon Ph.: 0124-334590
SCO 23-24-25, Sector 34-A, Chandigarh Ph.: 0172-669477
Cheema Chowk I.F.B., Ludhiana Ph.: 0161-653157, 653158
Katra Ahluwalia, Amritsar Ph.: 0183-532820
Civil Lines, Jalandhar Ph.: 0181-224453

Car Loans ● Housing Loans

Personal Loans ● Consumer Loans

*In the service of nation since 1865*

ALLAHABAD BANK

*A Tradition of Trust*

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

UNDER THE BRAND NAME OF *ALP*, WE MANUFACTURE

- **Flocked / PU Coated Glass Run Channels**
- **Celluar Profiles with Nylon Inserts**
- **PVC Trims**
- **Bus Body Building Profiles**
- **Windshield Rubber**
- **Co-extrubed Profiles / Trims**
- **PVC Sponge Seals**
- **Building Profiles**

The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.

ALP

ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp